# ਫ਼ਤਹਿ ਇਸਲਾਮ

(ਇਸਲਾਮ ਦੀ ਜਿੱਤ)



ਪ੍ਰਕਾਸ਼ਕ
ਨਜ਼ਾਰਤ ਨਸ਼ਰੋ ਇਸ਼ਾਅਤ
ਸਦਰ ਅੰਜੁਮਨ ਅਹਮਦੀਆ ਕਾਦੀਆਂ

# ਫ਼ਤਹਿ ਇਸਲਾਮ

(ਇਸਲਾਮ ਦੀ ਜਿੱਤ)

**ਸੂਖ਼ਮ ਰਚਨਾ**

ਸਯੱਦਨਾ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ

ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ

**ਅਨੁਵਾਦਕ**

ਐਮ.ਐਮ ਤਯੱਬ (ਐਮ.ਏ)

# ਫ਼ਤਹਿ ਇਸਲਾਮ


(ਇਸਲਾਮ ਦੀ ਜਿੱਤ)

ਸੂਖ਼ਮ ਰਚਨਾ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ


| | | |
|---|---|---|
| ਅਨੁਵਾਦਕ | : | ਐਮ.ਐਮ ਤਯੱਬ ਐਮ.ਏ |
| ਸੰਸਕਰਣ ਪਹਿਲਾ | : | ਮਈ 2024 |
| ਗਿਣਤੀ | : | 200 |
| ਪ੍ਰਕਾਸ਼ਕ | : | ਨਜ਼ਾਰਤ ਨਸ਼ਰੋ ਇਸ਼ਾਅਤ<br>ਸਦਰ ਅੰਜੁਮਨ ਅਹਮਦੀਆ ਕਾਦੀਆਂ ਜ਼ਿਲ੍ਹਾ<br>ਗੁਰਦਾਸਪੁਰ,ਪੰਜਾਬ,ਭਾਰਤ-143516 |
| ਪ੍ਰੈਸ | : | ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ |
| Name of Book | : | Fateh Islam |
| Written By | : | Hazrat Mirza Ghulam Ahmad<br>Masih Maood w Mahdi Maood |
| Translated By | : | M.M Tayyab M.A |
| First Edition | : | May 2024 |
| Copies | : | 200 |
| Published By | : | Nazarat Nashr-o-Ishat<br>Sadr Anjuman Ahmadiyya Qadian-143516<br>Dist. Gurdaspur, Punjab، India. |
| Printed At | : | Fazle Umar Printing Press Qadian-143516. |



ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

# ਲੇਖਕ ਬਾਰੇ

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ, ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ 1835 ਈ. ਵਿੱਚ ਭਾਰਤ ਦੇ ਸੂਬਾ ਪੰਜਾਬ ਦੇ ਇੱਕ ਨਿੱਕੇ ਜਿਹੇ ਕਸਬੇ ਕਾਦੀਆਂ ਵਿੱਚ ਪੈਦਾ ਹੋਏ। ਪਹਿਲੀ ਉਮਰ ਵਿੱਚ ਹੀ ਆਪ ਇਲਾਹੀ ਇਬਾਦਤ,ਦੁਆਵਾਂ ਕੁਰਆਨ ਸ਼ਰੀਫ਼ ਦੇ ਸਿਮਰਣ ਅਤੇ ਹੋਰਨਾ ਰੱਬੀ ਪੁਸਤਕਾਂ ਦੇ ਅਧਿਐਨ ਵਿੱਚ ਲੀਨ ਰਹਿੰਦੇ ਸਨ। ਇਸਲਾਮ ਜੋ ਕਿ ਉਸ ਸਮੇਂ ਹਰ ਪਾਸਿਓ ਦੁਸ਼ਮਣਾ ਦਾ ਸ਼ਿਕਾਰ ਬਣਿਆ ਹੋਇਆ ਸੀ, ਇਸ ਦੀ ਰਹਿਮ ਯੋਗ ਅਵਸਥਾ ਵੇਖਕੇ ਆਪ ਅਲੈਹਿ ਸਲਾਮ ਨੂੰ ਬਹੁਤ ਦੁੱਖ ਹੁੰਦਾ। ਇਸਲਾਮ ਦੀ ਪ੍ਰਤੀ ਰੱਖਿਆ ਅਤੇ ਇਸ ਦੀ ਸਿੱਖਿਆਵਾਂ ਨੂੰ ਇਸ ਦੀ ਆਪਣੀ ਅਵਸਥਾ ਵਿੱਣ ਦੁਨੀਆਂ ਦੇ ਸਾਮ੍ਹਣੇ ਪੇਸ਼ ਕਰਨ ਲਈ ਆਪ ਅਲੈਹਿ ਸਲਾਮ ਨੇ 90 ਤੋਂ ਵੱਧ ਪੁਸਤਕਾਂ ਲਿੱਖਿਆਂ ਅਤੇ ਹਜ਼ਾਰਾਂ ਹੀ ਪੱਤਰ ਲਿੱਖੇ ਅਤੇ ਅਨੇਕਾਂ ਹੀ ਧਾਰਮਕ ਗੋਸ਼ਟੀਆਂ ਤੇ ਵਿਚਾਰ ਵਟਾਂਦਰੇ ਕੀਤੇ। ਆਪ ਅਲੈਹਿ ਸਲਾਮ ਨੇ ਦੱਸਿਆ ਕਿ ਇਸਲਾਮ ਹੀ ਜੀਊਂਦਾ ਧਰਮ ਹੈ ਜੋ ਮਨੁੱਖ ਦਾ ਸੰਬੰਧ ਆਪਣੇ ਹਕੀਕੀ ਸਿਰਜਣਹਾਰ ਨਾਲ ਪੈਦਾ ਕਰ ਸਕਦਾ ਹੈ ਅਤੇ ਇਸੇ ਦੀ ਪੈਰ੍ਹਵੀ ਨਾਲ ਆਚਰਣਕ ਤੇ ਆਤਮਕ ਰਸਮੰਡਲੀਆਂ ਹਾਸਲ ਕਰ ਸਕਦਾ ਹੈ।

ਛੋਟੀ ਉਮਰ ਵਿੱਚ ਹੀ ਆਪ ਅਲੈਹਿ ਸਲਾਮ ਸੱਚੇ ਸੁਪਨਿਆਂ, ਦਿਵਦ੍ਰਿਸ਼, ਇਲਾਹੀ ਕਲਾਮ ਤੇ ਸੰਬੋਧਨਾ ਨਾਲ ਮੁਸ਼ਰੱਫ਼ ਹੋਏ। 1889 ਈ. ਵਿੱਚ ਆਪ ਅਲੈਹਿ ਸਲਾਮ ਨੇ ਇਲਾਹੀ ਹੁਕਮ ਅਨੁਸਾਰ ਬੈਅਤ ਲੈਣਾ ਅਰੰਭ ਕੀਤਾ ਅਤੇ ਇੱਕ ਪਵਿੱਤਰ ਜਮਾਅਤ ਦੀ ਨੀਂਹ ਰੱਖੀ । ਦਿਨ ਪ੍ਰਤੀਦਿਨ ਇਲਾਹੀ ਸੰਬੋਧਨਾ ਅਤੇ ਇਲਾਹੀ ਕਲਾਮ ਵਿੱਚ ਤਰੱਕੀ ਹੁੰਦੀ ਗਈ ਅਤੇ ਆਪ ਅਲੈਹਿ ਸਲਾਮ ਨੇ ਰੱਬੀ ਹੁਕਮ ਅਨੁਸਾਰ ਹੀ ਇਹ ਐਲਾਨ ਕੀਤਾ ਕਿ ਆਪ ਹੀ ਉਹ ਅੰਤਮ ਯੁੱਗ ਦੇ ਸੁਧਾਰਕ ਹਨ ਜਿਸ ਦੀਆਂ ਪਹਿਲਾਂ ਤੋਂ ਹੀ ਖ਼ਬਰਾਂ ਮੌਜੂਦ ਹਨ ਅਤੇ ਵਿਸ਼ਵ ਭਰ ਵਿੱਚ ਵੱਖ ਵੱਖ ਨਾਵਾਂ ਨਾਲ ਮੌਜੂਦ ਹਨ। ਆਪ ਅਲੈਹਿ ਸਲਾਮ ਨੇ ਇਹ ਵੀ ਦਾਵਾ ਕੀਤਾ ਕਿ ਆਪ ਹੀ ਉਹ ਮਸੀਹ ਮੌਊਦ ਦੇ ਮਹਦੀ ਮੌਊਦ ਹਨ ਜਿਸ ਦੇ ਆਉਣ ਦੀਆਂ ਭਵਿੱਖਬਾਣੀਆਂ ਆਂਹਜ਼ਰਤ ਸੱਲਲਾਹੋ ਅਲੈਹਿ ਵਸਲਮ ਨੇ ਕੀਤੀ ਸੀ। ਹਿਣ ਅਹਮਦੀਆ ਮੁਸਲਿਮ ਜਮਾਅਤ ਦੁਨੀਆ ਦੇ ਦੋ ਸੋ ਤੋਂ ਵੱਧ ਦੇਸ਼ਾਂ ਵਿੱਚ ਸਥਾਪਤ ਹੋ ਚੁੱਕੀ ਹੈ।

1908 ਈ. ਵਿੱਚ ਆਪ ਅਲੈਹਿ ਸਲਾਮ ਦੇ ਅਕਾਲ ਚਲਾਣੇ ਮਗਰੋਂ ਕੁਰਆਨ ਸ਼ਰੀਫ਼ ਅਤੇ ਆਂਹਜ਼ਰਤ ਸੱਲਲਾਹੋ ਅਲੇਹਿ ਵਸਲਮ ਦੀਆਂ ਭਵਿੱਖਬਾਣੀਆਂ ਅਨੁਸਾਰ ਆਪ ਅਲੈਹਿ ਸਲਾਮ ਦੇ ਮਿਸ਼ਨ ਦੀ ਸੰਪੂਰਨਤਾ ਲਈ ਨਿਜ਼ਾਮੇ ਖ਼ਿਲਾਫ਼ਤ ਦੀ ਸਥਾਪਨਾ ਹੋਈ। ਹਜ਼ਰਤ ਮਿਰਜ਼ਾ ਮਸਰੂਰ ਅਹਮਦ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਆਪ ਅਲੈਹਿ ਸਲਾਮ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਅਤੇ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਅਤ ਦੇ ਵਰਤਮਾਨ ਰੂਹਾਨੀ ਇਮਾਮ ਹਨ।

# ਮੁੱਖ ਬੰਦ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ ਨੂੰ ਰੱਬ ਨੇ ਮਸੀਹ ਮੌਊਦ ਬਣਾ ਕੇ ਭੇਜਿਆ ਰੱਬ ਨੇ ਆਕਾਸ਼ਬਾਣੀ ਰਾਹੀਂ ਆਪ'ਤੇ ਪ੍ਰਟਕ ਕੀਤਾ ਕਿ "ਮਸੀਹ ਇਬਨੇ ਮਰੀਯਮ ਰਸੂਲੁੱਲਾਹ ਮਰ ਚੁੱਕਿਆ ਹੈ ਅਤੇ ਉਸ ਦੇ ਰੰਗ'ਚ ਹੋ ਕੇ ਬਚਨ ਅਨੁਸਾਰ ਤੂੰ ਆਇਆ ਹੈ"। ਸੋ ਆਪ ਅਲੈਹਿ ਸਲਾਮ ਨੇ 1890 ਈ. ਦੇ ਅੰਤ'ਚ ਇਹ ਰਸਾਲਾ ਫ਼ਤਹਿ ਇਸਲਾਮ ਲਿੱਖਿਆ ਜੋ 1891 ਈ. ਦੇ ਆਰੰਭ'ਚ ਪ੍ਰਕਾਸ਼ਿਤ ਹੋਇਆ। ਇਸ ਰਸਾਲਾ'ਚ ਆਪ ਨੇ ਘੋਸ਼ਣਾ ਕੀਤੀ ਕਿ "ਮਸੀਹ ਜੋ ਆਉਣ ਵਾਲਾ ਸੀ ਇਹੀ ਹੈ। ਜੋ ਚਾਹੇ ਸੋ ਕਬੂਲ ਕਰੇ"। ਫ਼ਿਰ ਫ਼ਰਮਾਇਆ ਕਿ "ਮਸੀਹ ਦੇ ਨਾਂ'ਤੇ ਇਹ ਵਿਨੀਤ ਭੇਜਿਆ ਗਿਆ ਹੈ ਤਾਂ ਸਲੀਬੀ ਵਿਸ਼ਵਾਸ ਨੂੰ ਉੱਡਾ'ਤਾ ਜਾਏ। ਸੋ ਮੈਂ ਸਲੀਬ ਦੇ ਤੋੜ੍ਹਣ ਅਤੇ ਸੁਅਰਾਂ ਨੂੰ ਕਤਲ ਕਰਨ ਲਈ ਭੇਜਿਆ ਗਿਆ ਹਾਂ"।

ਆਪ ਅਲੈਹਿ ਸਲਾਮ ਦੇ ਦਾਅਵਾ ਦੇ ਹਵਾਲੇ ਵੱਜੋਂ ਆਰੰਭਿਕ'ਤੇ ਮਹਤੱਵਪੂਰਨ ਪੁਸਤਕ ਹੈ। ਹਜ਼ੂਰ ਅਲੈਹਿ ਸਲਾਮ ਦੀ ਇਹ ਪੁਸਤਕ ਵਿਸ਼ਵਾਸ'ਚ ਵਾਧਾ ਕਰਨ ਵਾਲੀ ਪੁਸਤਕ ਇਸ ਗੱਲ ਦੀ ਮੰਗ ਕਰਦੀ ਹੈ ਕਿ ਇਸ ਨੂੰ ਵਾਰ ਵਾਰ ਧਿਆਨ ਨਾਲ ਪੜ੍ਹਿਆ ਜਾਵੇ ਅਤੇ ਹਜ਼ੂਰ ਦੇ ਨਿਰਦੇਸ਼ਾ ਅਤੇ ਆਸ਼ਾਵਾਂ ਅਨੁਸਾਰ ਆਪਣੇ ਜੀਵਨ ਬਤੀਤ ਕਰਨ।

ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ ਇਸ ਪੁਸਤਕ ਦਾ ਪਹਿਲੀ ਵਾਰ ਪੰਜਾਬੀ ਅਨੁਵਾਦ ਪ੍ਰਕਾਸ਼ਤ ਕਰਨ ਦਾ ਸੁਭਾਗ ਪ੍ਰਾਪਤ ਕਰ ਰਹੀ ਹੈ

ਨਾਜ਼ਰ ਨਸ਼ਰੋ ਇਸ਼ਾਅਤ ਕਾਦੀਆਂ

# ਘੋਸ਼ਣਾ

ਇਹ ਕਿਤਾਬ ਫ਼ਤਹਿ ਇਸਲਾਮ ਸੱਤ ਸੌ ਕਾਪੀਆਂ ਛਪੀਆਂ ਹਨ ਉਨ੍ਹਾਂ ਵਿੱਚੋਂ ਤਿੰਨ ਸੌ ਕਾਪੀਆਂ ਕੇਵਲ ਰੱਬ ਲਈ ਉਨ੍ਹਾਂ ਲਈ ਸਮਰਪਿਤ ਹਨ, ਜੋ ਇਸਲਾਮੀ ਪ੍ਰਚਾਰਕਾਂ ਵਿੱਚੋਂ ਜਾਂ ਗਰੀਬ ਇੱਛੁਕਾਂ ਵਿੱਚੋ ਜਾਂ ਈਸਾਈ ਜਾਂ ਹਿੰਦੂ ਵਿਦਵਾਨਾਂ ਵਿੱਚੋ ਹਨ। ਬਾਕੀ ਚਾਰ ਸੌ ਕਾਪੀਆਂ ਅਜਿਹੇ ਲੋਕਾਂ ਲਈ ਜੋ ਕੀਮਤ ਦੇਣ ਦੀ ਸਮਰਥਾ ਰੱਖਦੇ ਹਨ। ਪ੍ਰਤੀ ਕਾਪੀ ਅੱਠ ਆਨੇ ਦੀ ਦਿੱਤੀ ਜਾਵੇਗੀ। ਡਾਕ ਦਾ ਖਰਚ ਵੱਖ ਹੈ। ਜੋ ਬੰਦਾ ਮੁਫ਼ਤ ਲੈਣ ਵਾਲੀਆਂ ਵਿੱਚੋਂ ਹੋਵੇ ਅਰਥਾਤ ਪ੍ਰਚਾਰਕਾਂ ਜਾਂ ਗਰੀਬ ਲੋਕਾਂ ਆਦਿ ਵਿੱਚੋਂ ਹੋਵੇ। ਉਸ ਲਈ ਜ਼ਰੂਰੀ ਹੈ ਕਿ ਕੇਵਲ ਅੱਧੇ ਆਨੇ ਦਾ ਟਿਕਟ ਭੇਜੇ ਕਿਤਾਬ ਭੇਜ ਦਿੱਤੀ ਜਾਵੇਗੀ।

ਘੋਸ਼ਣਾ ਕਰਤਾ

ਦਾਸ

ਮਿਰਜ਼ਾ ਗ਼ੁਲਾਮ ਅਹਮਦ ਅਫ਼ੀ ਅਨਹੁ ਕਾਦੀਆਂ

نحمدہٗ و نُصلی علیٰ رسولہ الکریم  بسم اللہ الرحمٰن الرحیم  وعلیٰ عبدہ المسیح موعود

# ਇਸਲਾਮ ਦੀ ਜਿੱਤ ਤੇ ਰੱਬ ਦੇ ਵਿਸ਼ੇਸ਼ ਪ੍ਰਕਾਸ਼ ਦੀ ਖ਼ੁਸ਼ਖ਼ਬਰੀ ਅਤੇ ਉਸ ਦੀ ਪਾਲਣਾ ਦੀ ਰਾਹਾਂ ਅਤੇ ਉਸ ਦੀ ਮਦਦ ਦੇ ਤਰੀਕੀਆਂ ਵੱਲ੍ਹ ਸੱਦਾ

رَبِّ انْفُخْ رُوْحَ بَرَکَۃٍ فِیْ کَلَامِیْ ھٰذَا وَ اجْعَلْ اَفْئِدَۃً مِنَ النَّاسِ تَھْوِیْ اِلَیْہِ

ਹੇ ਸਰੋਤਿਓਂ ! عافاکم اللّٰہ فی الدنیا والدین ਅੱਜ ਇਹ ਵਿਨੀਤ ਇੱਕ ਲੰਮੇ ਸਮੇਂ ਪਿੱਛੋਂ ਉਸ ਇਲਾਹੀ ਕਾਰਖਾਨੇ ਬਾਰੇ, ਜੋ ਰੱਬ ਨੇ ਇਸਲਾਮ ਦੀ ਪੱਖਤਾ ਲਈ ਮੇਰੇ ਜ਼ਿੱਮੇ ਲਾਇਆ ਹੈ, ਇੱਕ ਜ਼ਰੂਰੀ ਵਿਸ਼ੇ ਵੱਲ੍ਹ ਆਪ ਦਾ ਧਿਆਨ ਖਿੱਚਦਾ ਹਾਂ । ਅਤੇ ਮੈਂ ਇਸ ਲੇਖ ਵਿੱਚ, ਜਿੱਥੋਂ ਤੱਕ ਰੱਬ ਨੇ ਆਪਣੇ ਵੱਲੋਂ ਮੈਨੂੰ ਬੋਲਣ ਦੀ ਸਮਰਥਾ ਬਖਸ਼ੀ ਹੈ, ਇਸ ਸਿਲਸਿਲੇ (ਜਮਾਅਤ) ਦੀ ਵਡਿੱਆਈ ਅਤੇ ਇਸ ਕਾਰਖਾਨੇ ਦੀ ਸਹਾਇਤਾ ਦੀ ਲੋੜ੍ਹ ਆਪ ਸਾਹਿਬਾਨ ਉੱਤੇ ਪ੍ਰਕਟ ਕਰਨਾ ਚਾਹੁੰਦਾ ਹਾਂ ਤਾਂ, ਪ੍ਰਚਾਰ ਦਾ ਉਹ ਹੱਕ ਜੋ ਮੇਰੇ ਉੱਤੇ ਲਾਜ਼ਮ ਹੈ, ਉਸ ਤੋਂ ਮੈਂ ਸੇਵਾਮੁਕਤ ਹੋ ਜਾਵਾਂ । ਸੋ ਇਸ ਲੇਖ ਦੇ ਸੰਬੋਧਨ ਵਿੱਚ ਮੈਨੂੰ ਇਸ ਤੋਂ ਕੁੱਝ ਮਤਲਬ ਨਹੀਂ ਕਿ ਇਸ ਲਿੱਖਤ ਦਾ ਦਿਲ੍ਹਾਂ ਉੱਤੇ ਕੀ ਅਸਰ ਪਏਗਾ ਮਨੋਰਥ ਕੇਵਲ ਇਹ ਹੈ ਕਿ ਜਿਹੜ੍ਹੀ ਗੱਲ ਮੇਰੇ ਉੱਤੇ ਲਾਜ਼ਮ ਹੈ ਅਤੇ ਜੋ ਸੁਨੇਹਾ ਪਹੁੰਚਾਉਣਾ ਮੇਰੇ ਉੱਤੇ ਲਾਜ਼ਮ ਕਰਜ਼ੇ ਵਾਂਗ ਹੈ, ਉਹ ਜਿਵੇਂ ਕਿ ਚਾਹਿਦਾ ਹੈ ਮੈਥੋਂ ਪੂਰਾ ਹੋ ਜਾਵੇ ਭਾਵੇਂ ਲੋਕ ਉਸ ਨੂੰ ਮਰਜ਼ੀ ਨਾਲ ਸੁਣਨ ਅਤੇ ਭਾਵੇਂ ਘ੍ਰਿਣਾ ਅਤੇ ਕਬਜ਼ ਦੀ ਨਜ਼ਰ ਨਾਲ ਵੇਖਣ ਅਤੇ ਭਾਵੇਂ

ਮੇਰੇ ਬਾਰੇ ਨੇਕ ਖ਼ਿਆਲ ਰੱਖਣ ਅਤੇ ਜਾਂ ਬੁਰੇ ਖ਼ਿਆਲ ਨੂੰ ਆਪਣੇ ਦਿਲ੍ਹ ਵਿੱਚ ਥਾਂ ਦੇਣ । وَاُفَوِّضُ اَمْرِیْ اِلَی اللّٰہَ وَ اللّٰہُ بَصِیْرٌ بِالْعِبَادِ۔

ਹੁਣ ਮੈਂ ਹੇਠਾਂ ਉਹ ਲੇਖ ਜਿਸ ਦਾ ਉੱਪਰ ਬਚਨ ਦਿੱਤਾ ਹੈ ਲਿੱਖਦਾ ਹਾਂ ।

ਹੇ ਸੱਚਾਈ ਦੇ ਜਾਚਕੋਂ ਅਤੇ ਇਸਲਾਮ ਦੇ ਸੱਚੇ ਪ੍ਰੇਮਿਓਂ ! ਤੁਹਾਡੇ ਉੱਤੇ ਸਪਸ਼ਟ ਹੈ ਕਿ ਇਹ ਜ਼ਮਾਨਾ ਜਿਸ ਵਿੱਚ ਅਸੀਂ ਜੀਵਨ ਬਤੀਤ ਕਰ ਰਹੇ ਹਾਂ । ਇਹ ਇੱਕ ਅਜਿਹਾ ਹਨ੍ਹੇਰ ਜ਼ਮਾਨਾ ਹੈ ਕਿ ਕੀ ਈਮਾਨੀ (ਆਸਥਾਮਈ ) ਅਤੇ ਕੀ ਵਿਵਹਾਰਕ ਜਿੰਨ੍ਹੇ ਵੀ ਮਾਮਲੇ ਹਨ ਸਾਰੀਆਂ ਵਿੱਚ ਸਖ਼ਤ ਵਿਗਾੜ੍ਹ ਪੈ ਗਿਆ ਹੈ ਅਤੇ ਇੱਕ ਤਿੱਖੀ ਹਨ੍ਹੇਰੀ ਅੰਧਕਾਰ ਅਤੇ ਗੁਮਰਾਹੀ ਦੀ ਹਰ ਪਾਸੇ ਵੱਗ ਰਹੀ ਹੈ । ਉਹ ਚੀਜ਼ ਜਿਸ ਨੂੰ ਈਮਾਨ (ਆਸਥਾ) ਕਹਿੰਦੇ ਹਨ ਉਸ ਦੀ ਥਾਂ ਕੁੱਝ ਸ਼ਬਦਾ ਨੇ ਲੈ ਲਈ ਹੈ ਜਿੰਨ੍ਹਾਂ ਦਾ ਕੇਵਲ ਮੂੰਹੋਂ ਕਰਾਰ ਕੀਤਾ ਜਾਂਦਾ ਹੈ । ਅਤੇ ਉਹ ਕੰਮ ਜਿਨ੍ਹਾਂ ਦਾ ਨਾਂ ਸ਼ੁਭ ਕਰਮ ਹੈ ਉਨ੍ਹਾਂ ਦਾ ਪੂਰਕ ਕੁੱਝ ਰੀਤਾਂ-ਰਸਮਾਂ ਜਾਂ ਹੱਦੋਂ ਵੱਧ ਖ਼ਰਚ ਅਤੇ ਵਿਖਾਵੇ ਦੇ ਕੰਮ ਸਮਝੇ ਗਏ ਹਨ ਅਤੇ ਜੋ ਵਾਸਤਵਿਕ ਨੇਕੀ ਹੈ ਉਸ ਤੋਂ ਉੱਕਾ ਹੀ ਬੇਖ਼ਬਰੀ ਹੈ । ਇਸ ਜ਼ਮਾਨੇ ਦਾ ਫ਼ਲਸਫ਼ਾ ਤੇ ਨੇਚਰ ਵੀ ਰੂਹਾਨੀ ਗੁਣਾਂ ਦੇ ਬਿੱਲਕੁਲ ਉਲਟ ਪਿਆ ਹੈ । ਉਸ ਦੇ ਭਾਵ ਉਸ ਦੇ ਜਾਨਣ ਵਾਲੀਆਂ ਉੱਤੇ ਅਤਿਅੰਤ ਕੁਪ੍ਰਭਾਵ ਪਾਉਣ ਵਾਲੇ ਅਤੇ ਹਨ੍ਹੇਰੇ ਵੱਲ੍ਹ ਖਿੱਚਣ ਵਾਲੇ ਸਾਬਤ ਹੁੰਦੇ ਹਨ । ਉਹ ਵਿਸ਼ੈਲੇ ਤੱਤਾਂ ਨੂੰ ਹਰਕਤ ਦਿੰਦੇ ਅਤੇ ਸੁੱਤੇ ਹੋਏ ਸ਼ੈਤਾਨ ਨੂੰ ਜਗ੍ਹਾ ਦਿੰਦੇ ਹਨ । ਇਨ੍ਹਾਂ ਗਿਆਨਾਂ ਵਿੱਚ

ਦਖ਼ਲ ਰੱਖਣ ਵਾਲੇ ਧਾਰਮਿਕ ਕਰਮ ਕਾਰਜਾਂ ਵਿੱਚ ਵਧੇਰੇ ਅਜਿਹੇ ਭੈੜ੍ਹੇ ਅਕੀਦੇ ਪੈਦਾ ਕਰ ਲੈਂਦੇ ਹਨ ਕਿ ਰੱਬ ਦੇ ਨਿਰਧਾਰਿਤ ਸਿੱਧਾਤਾਂ ਅਤੇ ਨਮਾਜ਼ ਰੋਜ਼ੇ ਆਦਿ ਇਬਾਦਤ ਦੇ ਤਰੀਕਿਆਂ ਨੂੰ ਨਿਰਾਦਰ ਅਤੇ ਮਖੌਲ ਦੀ ਨਜ਼ਰ ਨਾਲ ਵੇਖਣ ਲੱਗਦੇ ਹਨ। ਉਨ੍ਹਾਂ ਦੇ ਦਿਲ੍ਹਾਂ ਵਿੱਚ ਰੱਬ ਦੇ ਵਜੂਦ ਦਾ ਵੀ ਕੁੱਝ ਸਤਿਕਾਰ ਅਤੇ ਵਡਿੱਆਈ ਨਹੀਂ ਸਗੋਂ ਬਹੁਤੇ ਉਨ੍ਹਾਂ ਵਿੱਚੋਂ ਨਾਸਤਿਕਤਾ ਦੇ ਰੰਗ ਵਿੱਚ ਰੰਗੀਨ ਅਤੇ ਨਾਸਤਿਕਤਾ ਦੇ ਤੰਤੂਆਂ ਨਾਲ ਭਰਪੂਰ ਅਤੇ ਮੁਸਲਮਾਨਾਂ ਦੀ ਸੰਤਾਨ ਅਖਵਾਕੇ ਫ਼ਿਰ ਧਰਮ ਦੇ ਦੁਸ਼ਮਨ ਹਨ। ਜੋ ਕਾਲਜਾਂ ਵਿੱਚ ਪੜ੍ਹਦੇ ਹਨ ਵਧੇਰੇ ਇੰਝ ਹੁੰਦਾ ਹੈ ਕਿ ਹਾਲੇ ਉਹ ਆਪਣੇ ਜ਼ਰੂਰੀ ਗਿਆਨ ਦੀ ਪ੍ਰਾਪਤੀ ਤੋਂ ਵਿਹਲ੍ਹੇ ਨਹੀਂ ਹੁੰਦੇ ਕਿ ਧਰਮ ਅਤੇ ਧਰਮ ਦੀ ਹਮਦਰਦੀ ਤੋਂ ਪਹਿਲਾਂ ਹੀ ਵਿਹਲ੍ਹੇ ਅਤੇ ਵੱਖਰੇ ਹੋ ਜਾਂਦੇ ਹਨ। ਇਹ ਮੈਂ ਕੇਵਲ ਇੱਕ ਸ਼ਾਖਾ ਦੀ ਚਰਚਾ ਕੀਤੀ ਹੈ, ਜੋ ਵਰਤਮਾਨ ਜੁੱਗ ਵਿੱਚ ਹਨ੍ਹੇਰੇ ਦੇ ਫ਼ਲ੍ਹਾਂ ਨਾਲ ਲਦੀ ਹੋਈ ਹੈ। ਪਰ ਇਸ ਤੋਂ ਬਿਨ੍ਹਾਂ ਸੈਂਕੜ੍ਹਿਆਂ ਹੀ ਹੋਰ ਸ਼ਾਖਾਵਾਂ ਵੀ ਹਨ ਜੋ ਇਸ ਤੋਂ ਘੱਟ ਨਹੀਂ। ਆਮ ਤੌਰ'ਤੇ ਦੇਖਿਆ ਜਾਂਦਾ ਹੈ ਕਿ ਸੰਸਾਰ ਵਿੱਚੋਂ ਈਮਾਨਦਾਰੀ ਅਤੇ ਭਰੋਸਾ ਇਉਂ ਉੱਠ ਗਿਆ ਹੈ ਕਿ ਸੰਭਵਤਾ ਉੱਕਾ ਹੀ ਵਿਲ੍ਹੁਪਤ ਹੋ ਗਿਆ ਹੈ। ਦੁਨੀਆਂ ਕਮਾਉਣ ਲਈ ਧੋਖਾ ਤੇ ਫ਼ਰੈਬ ਹੱਦੋਂ ਵੱਧ ਗਏ ਹਨ ਜੋ ਮਨੁੱਖ ਸਭ ਤੋਂ ਵੱਧ ਸ਼ਰਾਰਤੀ ਹੋਵੇ ਉਹੀ ਸਭ ਤੋਂ ਵੱਧ ਯੋਗ ਸਮਝਿਆ ਜਾਂਦਾ ਹੈ। ਵੱਖੋ-ਵੱਖ ਕੁਮਾਰਗ, ਬੇਈਮਾਨੀ, ਹਰਾਮੀਪੁਣਾਂ, ਧੋਖੇਬਾਜ਼ੀ, ਝੂਠ ਅਤੇ ਅਤਿਅੰਤ ਫ਼ਰੈਬ ਤੇ ਲੋਭ ਨਾਲ ਭਰਪੂਰ ਮਨਸੂਬੇ

ਅਤੇ ਖ਼ਰਾਬ ਆਦਤਾਂ ਫ਼ੈਲਦੀਆਂ ਜਾਂਦੀਆਂ ਹਨ । ਅਤੇ ਅਤਿਅੰਤ ਕਰੂਰਤਾ ਭਰਪੂਰ ਸਾੜ੍ਹੇ ਤੇ ਝਗੜ੍ਹੇ ਤਰੱਕੀ ਉੱਤੇ ਹਨ ਅਤੇ ਪਸ਼ੂਪੁਣੇ ਤੇ ਦਰਿੰਦਗੀ ਵਾਲੇ ਵਿਚਾਰਾਂ ਦਾ ਇੱਕ ਝੱਖੜ੍ਹ ਉੱਠਿਆ ਹੋਇਆ ਹੈ ਅਤੇ ਜਿੰਨ੍ਹੇ ਲੋਕ ਇਨ੍ਹਾਂ ਗਿਆਨਾਂ ਤੇ ਪ੍ਰਚਲਿਤ ਕਾਨੂੰਨਾ ਵਿੱਚ ਚੁਸਤ ਹੁੰਦੇ ਜਾਂਦੇ ਹਨ, ਉੱਨ੍ਹੈ ਹੀ ਨੇਕੀ ਦੀ ਪਛਾਣ ਅਤੇ ਚੰਗੇ ਕਰਮਾਂ ਦੀ ਸੁਭਾਵਿਕ ਆਦਤਾਂ, ਸ਼ਰਮ ਹਯਾ, ਰੱਬ ਤਰਸੀ ਤੇ ਇਮਾਨਦਾਰੀ ਦੀਆਂ ਸੁਭਾਵਿਕ ਆਦਤਾਂ ਉਨ੍ਹਾਂ ਵਿੱਚ ਘੱਟਦੀਆਂ ਜਾਂਦੀਆਂ ਹਨ ।

ਈਸਾਈਆਂ ਦੀ ਸਿੱਖਿਆ ਵੀ ਸੱਚਾਈ ਤੇ ਈਮਾਨਦਾਰੀ ਨੂੰ ਉਡਾਉਣ ਲਈ ਕਈ ਪ੍ਰਕਾਰ ਦੀਆਂ ਸੁਰੰਗਾਂ ਤਿਆਰ ਕਰ ਰਹੀ ਹੈ ਅਤੇ ਈਸਾਈ ਲੋਕ ਇਸਲਾਮ ਨੂੰ ਮਿਟਾਉਣ ਲਈ ਝੂਠ ਅਤੇ ਬਣਾਵਟ ਦੀ ਸਾਰੀਆਂ ਸੁਖ਼ਮ ਗੱਲਾਂ ਨੂੰ ਅਤਿਅੰਤ ਖ਼ੂਬੀ ਨਾਲ ਪੈਦਾ ਕਰਕੇ ਹਰ ਇੱਕ ਲੁੱਟਮਾਰ ਦੇ ਮੌਕੇ ਅਤੇ ਥਾਂ ਉੱਤੇ ਕੰਮ ਵਿੱਚ ਲਿਆ ਰਹੇ ਹਨ ਅਤੇ ਭਟਕਾਉਣ ਦੇ ਨਵੇਂ ਨਵੇਂ ਨੁਸਖ਼ੇ ਅਤੇ ਗੁਮਰਾਹ ਕਰਨ ਦੀਆਂ ਆਧੁਨਿਕ ਯੋਜਨਾਵਾਂ ਘੜ੍ਹੀਆਂ ਜਾਂਦੀਆਂ ਹਨ । ਅਤੇ ਉਸ ਕਾਮਲ ਮਨੁੱਖ ਦੀ ਸਖ਼ਤ ਬੇਇਜ਼ਤੀ ਕਰ ਰਹੇ ਹਨ, ਜੋ ਸਾਰੇ ਮਹਾਂ-ਪੁਰਖਾਂ ਦਾ ਮਾਣ ਤੇ ਸਾਰੇ ਨਿਕਟਵਰਤੀਆਂ ਦਾ ਸਰਤਾਜ ਅਤੇ ਸਾਰੇ ਅਵਤਾਰਾਂ ਦਾ ਸਰਦਾਰ ਹੈ ਇੱਥੋਂ ਤੱਕ ਕਿ ਨਾਟਕ ਦੀ ਨਾਟਕੀ ਵਿੱਚ ਅਤਿਅੰਤ ਸ਼ੈਤਾਨੀਅਤ ਨਾਲ ਇਸਲਾਮ ਅਤੇ ਇਸਲਾਮ ਦੇ ਮਾਰਗ ਦਰਸ਼ਕ ਦੇ ਮੰਦੇ ਮੰਦੇ ਚਿੱਤਰ ਦਿਖਾਏ ਜਾਂਦੇ ਹਨ ਅਤੇ ਸੁਵਾਂਗ ਕੱਢੇ ਜਾਂਦੇ ਹਨ,

ਅਜੀਹੀਆ ਮਨਘੜ੍ਹਤ ਊੜਾਂ ਥੀਏਟਰ ਰਾਹੀਂ ਫ਼ੈਲਾਈਆਂ ਜਾਂਦੀਆਂ ਹਨ, ਜਿੰਨ੍ਹਾਂ ਵਿੱਚ ਇਸਲਾਮ ਅਤੇ ਨਬੀ ਪਾਕ ਦੇ ਸਨਮਾਨ ਨੂੰ ਮਿੱਟੀ ਵਿੱਚ ਰੋਲ੍ਹਣ ਲਈ ਪੂਰੀ ਅਣਉਚਿਤਾ ਵਰਤੀ ਗਈ ਹੈ।

ਹੁਣ ਹੇ ਮੁਸਲਮਾਨੋ ਸੁਣੋ ! ਅਤੇ ਧਿਆਨ ਨਾਲ ਸੁਣੋ ! ਕਿ ਇਸਲਾਮ ਦੇ ਪਾਕ ਪ੍ਰਭਾਵਾਂ ਨੂੰ ਰੋਕਣ ਲਈ ਜਿੰਨ੍ਹੇ ਵਲ੍ਹੇਵੇਦਾਰ ਝੂੱਠ ਇਸ ਈਸਾਈ ਕੌਮ ਵਿੱਚ ਵਰਤੇ ਗਏ ਅਤੇ ਧੋਖਾਧੜ੍ਹੀ ਦੇ ਤਰੀਕੇ ਵਰਤੇ ਗਏ ਤੇ ਉਨ੍ਹਾਂ ਦੇ ਫ਼ੈਲਾਉਣ ਲਈ ਜਾਨ ਤੋੜ੍ਹ ਕੇ ਅਤੇ ਧੰਨ ਨੂੰ ਪਾਣੀ ਵਾਂਗ ਵਹਾ ਕੇ ਜਤਨ ਕੀਤੇ ਗਏ, ਇੱਥੋਂ ਤੱਕ ਕਿ ਅਤਿਅੰਤ ਮੰਦਾ ਤਰੀਕਾ ਵੀ, ਜਿਸ ਦੇ ਬਿਆਨ ਤੋਂ ਇਸ ਲੇਖ ਨੂੰ ਦੂਰ ਰੱਖਣਾ ਹੀ ਚੰਗਾ ਹੈ। ਇਸੇ ਰਾਹ ਵਿੱਚ ਖ਼ਤਮ ਕੀਤੇ ਗਏ । ਇਹ ਕ੍ਰਿਸਚਨ ਕੌਮਾਂ ਅਤੇ ਸਲੀਬ ਦੇ ਸਮਰਥਕਾਂ ਵੱਲੋਂ ਉਹ ਜਾਦੂਈ ਕਾਰਵਾਈਆਂ ਹਨ ਕਿ ਜੱਦ ਤੱਕ ਉਨ੍ਹਾਂ ਦੇ ਇਸ ਜਾਦੂ ਦੇ ਮੁਕਾਬਲੇ ਉੱਤੇ ਰੱਬ ਉਹ ਸ਼ਕਤੀਸ਼ਾਲੀ ਹੱਥ ਨਾ ਵਿਖਾਵੇ ਜੋ ਚਮਤਕਾਰ ਦੀ ਕੁਦਰਤ ਆਪਣੇ ਅੰਦਰ ਰੱਖਦਾ ਹੋਵੇ ਅਤੇ ਉਸ ਚਮਤਕਾਰ ਰਾਹੀ ਇਸ ਜਾਦੂਈ ਵ੍ਰਿਤ ਨੂੰ ਚਕਨਾਚੂਰ ਨ ਕਰੇ ਤੱਦ ਤੱਕ ਫ਼ਿਰੰਗੀ ਜਾਦੂ ਤੋਂ ਆਮ ਦਿਲ੍ਹਾਂ ਨੂੰ ਅਜ਼ਾਦੀ ਹਾਸਲ ਹੋਣਾ ਅਨੁਮਾਨ ਅਤੇ ਖਿਆਲ ਤੋਂ ਬਿਲਕੁੱਲ ਬਾਹਰ ਹੈ। ਸੋ ਰੱਬ ਨੇ ਇਸ ਜਾਦੂ ਨੂੰ ਝੂਠਾ ਕਰਨ ਲਈ ਇਸ ਜ਼ਮਾਨੇ ਦੇ ਸੱਚੇ ਮੁਸਲਮਾਨਾਂ ਨੂੰ ਇਹ ਚਮਤਕਾਰ ਦਿੱਤਾ ਕਿ ਆਪਣੇ ਇਸ ਬੰਦੇ ਨੂੰ ਆਪਣੀ ਅਕਾਸ਼ਬਾਣੀ ਅਤੇ ਕਲਾਮ ਅਤੇ ਆਪਣੀ ਖ਼ਾਸ ਮਹਿਰ ਨਾਲ ਮਾਣ ਬਖ਼ਸ਼ ਕੇ ਅਤੇ ਆਪਣੀ ਰਾਹ ਦੇ

ਸੂਖ਼ਮ ਗਿਆਨਾਂ ਵਿੱਚੋਂ ਸੰਪੂਰਨ ਭਾਗ ਬਖ਼ਸ਼ ਕੇ ਵਿਰੋਧੀਆਂ ਦੇ ਮੁਕਾਬਲੇ ਉੱਤੇ ਭੇਜਿਆ ਅਤੇ ਬਥੇਰੇ ਆਕਾਸ਼ੀ ਪੁਰਸਕਾਰ ਅਤੇ ਆਕਾਸ਼ੀ ਅਜੂਬੇ ਅਤੇ ਰੂਹਾਨੀ ਸੁਖਮ ਗਿਆਨ ਨਾਲ ਦਿੱਤੇ ਤਾਂ ਇਸ ਆਕਾਸ਼ੀ ਪੱਥਰ ਰਾਹੀਂ ਉਹ ਮੋਮ ਦਾ ਬੁਤ ਤੋੜ੍ਹ ਦਿੱਤਾ ਜਾਵੇ ਜੋ ਫ਼ਿਰੰਗੀ ਜਾਦੂ ਨੇ ਤਿਆਰ ਕੀਤਾ ਹੈ । ਸੋ ਹੇ ਮੁਸਲਮਾਨੋ ! ਇਸ ਵਿਨੀਤ ਦਾ ਆਉਣਾ ਜਾਦੂਈ ਹਨ੍ਹੇਰੀਆਂ ਦੇ ਚੁੱਕਣ ਲਈ ਰੱਬ ਵੱਲੋਂ ਇੱਕ ਚਮਤਕਾਰ ਹੈ । ਕੀ ਜ਼ਰੂਰੀ ਨਹੀਂ ਸੀ ਕਿ ਜਾਦੂ ਦੇ ਮੁਕਾਬਲੇ ਤੇ ਚਮਤਕਾਰ ਵੀ ਦੁਨੀਆਂ ਵਿੱਚ ਆਉਂਦਾ । ਕੀ ਤੁਹਾਡੀ ਨਜ਼ਰਾਂ ਵਿੱਚ ਇਹ ਗੱਲ ਅਜੀਬ ਅਤੇ ਅਣਹੋਣੀ ਹੈ ਕਿ ਰੱਬ ਵੱਡੇ ਧੋਖੇ ਦੇ ਮੁਕਾਬਲੇ ਤੇ ਜੋ ਜਾਦੂ ਦੀ ਸੱਚਾਈ ਤੱਕ ਪਹੁੰਚ ਗਿਆ ਹੈ ਇੱਕ ਅਜਿਹੀ ਸੱਚੀ ਚਮਕਾਰ ਵਿਖਾਵੇ ਜਿਹੜ੍ਹੀ ਚਮਤਕਾਰ ਦਾ ਅਸਰ ਰੱਖਦੀ ਹੋਵੇ ।

ਹੇ ਅਕਲਮੰਦੋਂ ! ਤੁਸੀਂ ਇਸ ਉੱਤੇ ਹੈਰਾਨੀ ਨਾ ਕਰੋ ਕਿ ਰੱਬ ਨੇ ਇਸ ਲੋੜ੍ਹ ਸਮੇਂ ਅਤੇ ਇਸ ਡੂੰਘੀ ਹਨ੍ਹੇਰ ਦੇ ਦਿਨਾਂ ਵਿੱਚ ਇੱਕ ਆਕਾਸ਼ੀ ਪ੍ਰਕਾਸ਼ ਦਾ ਆਗਮਨ ਹੋਇਆ ਅਤੇ ਇੱਕ ਬੰਦੇ ਨੂੰ ਲੋਕਾਈ ਦੀ ਭਲਾਈ ਲਈ ਖ਼ਾਸ ਕਰਕੇ ਇਸਲਾਮ ਦੇ ਨਾਂ ਦੀ ਵੱਡਿਆਈ ਅਤੇ ਸਰਵੋਤਮ ਪੁਰਖ ਦੇ ਨੂਰ ਨੂੰ ਫੈਲਾਉਣ ਲਈ ਅਤੇ ਮੁਸਲਮਾਨਾਂ ਦੀ ਮਦਦ ਲਈ ਅਤੇ ਉਨ੍ਹਾਂ ਦੀ ਅੰਦਰੂਨੀ ਹਾਲਤ ਦੇ ਸਾਫ਼ ਕਰਨ ਦੇ ਉਦੇਸ਼ ਨਾਲ ਦੁਨੀਆਂ ਵਿੱਚ ਭੇਜਿਆ, ਹੈਰਾਨੀ ਤਾਂ ਇਸ ਗੱਲ ਉੱਤੇ ਹੁੰਦੀ ਕਿ ਉਹ ਰੱਬ ਜੋ ਇਸਲਾਮ ਦਾ ਸਮਰਥਕ ਹੈ ਜਿਸ ਨੇ ਬਚਨ ਕੀਤਾ ਸੀ ਕਿ ਮੈਂ

ਹਮੇਸ਼ਾ ਕੁਰਆਨੀ ਸਿੱਖਿਆ ਦਾ ਰਾਖਾ ਰਹਾਂਗਾ ਅਤੇ ਉਸ ਨੂੰ ਠੰਡਾ ਤੇ ਬੇਰੌਣਕ ਅਤੇ ਬੇਨੂਰ ਨਹੀਂ ਹੋਣ ਦਿਆਂਗਾ । ਉਹ ਇਸ ਹਨ੍ਹੇਰੇ ਨੂੰ ਵੇਖ ਕੇ ਅਤੇ ਇਨ੍ਹਾਂ ਅੰਦਰੂਨੀ ਅਤੇ ਬਾਹਰੀ ਝੱਗੜ੍ਹੀਆਂ ਉੱਤੇ ਨਜ਼ਰ ਪਾ ਕੇ ਚੁੱਪ ਰਹਿੰਦਾ ਅਤੇ ਆਪਣੇ ਉਸ ਬਚਨ ਨੂੰ ਯਾਦ ਨਾ ਕਰਦਾ ਜਿਸ ਨੂੰ ਆਪਣੇ ਪਾਕ ਕਲਾਮ ਵਿੱਚ ਹੁਕਮੀ ਤੌਰ ਉੱਤੇ ਬਿਆਨ ਕਰ ਚੁੱਕਿਆ ਸੀ । ਫਿਰ ਮੈਂ ਕਹਿੰਦਾ ਹਾਂ ਕਿ ਜੇਕਰ ਹੈਰਾਨੀ ਦੀ ਥਾਂ ਸੀ ਤਾਂ ਇਹ ਸੀ ਕਿ ਉਸ ਪਾਕ ਰਸੂਲ ਦੀ ਇਹ ਸਾਫ਼ ਅਤੇ ਖੁੱਲ੍ਹੀ ਖੁੱਲ੍ਹੀ ਭਵਿੱਖਬਾਣੀ ਵਿਅਰਥ ਹੋ ਜਾਂਦੀ ਜਿਸ ਵਿੱਚ ਕਿਹਾ ਗਿਆ ਸੀ ਕਿ ਹਰ ਇੱਕ ਸਦੀ ਦੇ ਸਿਰ ਉੱਤੇ ਰੱਬ ਇੱਕ ਅਜਿਹੇ ਬੰਦੇ ਨੂੰ ਪੈਦਾ ਕਰਦਾ ਰਹੇਗਾ ਕਿ ਜੋ ਉਸ ਦੇ ਧਰਮ ਨੂੰ ਨਵੀਨਤਾ ਬਖ਼ਸ਼ੇਗਾ[1] । ਸੋ ਇਹ ਹੈਰਾਨੀ ਦੀ ਥਾਂ ਨਹੀਂ ਸਗੋਂ

---

[1] ਕੇਵਲ ਰਸਮ ਤੇ ਦਿਖਾਵੇ ਵੱਜੋਂ ਕੁਰਆਨ ਸ਼ਰੀਫ ਦੇ ਅਨੁਵਾਦ ਫੈਲਾਉਣਾ ਜਾਂ ਕੇਵਲ ਧਾਰਮਿਕ ਕਿਤਾਬਾਂ ਅਤੇ ਨਬੀ ਦੀ ਹਦੀਸਾਂ ਨੂੰ ਉਰਦੂ ਜਾਂ ਫਾਰਸੀ ਵਿੱਚ ਅਨੁਵਾਦ ਕਰਕੇ ਫੈਲਾਉਣਾ ਜਾਂ ਵਿਗਾੜ੍ਹ ਨਾਲ ਭਰੇ ਹੋਏ ਖੁਸ਼ਕ ਤਰੀਕੀਆਂ ਜਿਵੇਂ ਅੱਜ ਦੇ ਬਥੇਰੇ ਵਿਧਵਾਨਾਂ ਦਾ ਤਰੀਕਾ ਹੋ ਰਿਹਾ ਹੈ ਸਿਖਾਉਣਾ ਇਹ ਮਾਮਲੇ ਅਜਿਹੇ ਨਹੀਂ ਹਨ ਜਿਨ੍ਹਾਂ ਨੂੰ ਸੰਪੂਰਨ ਅਤੇ ਵਾਸਤਵ ਵਿੱਚ ਨਵੀਨਤਾ ਲਿਆਉਣਾ ਕਿਹਾ ਜਾਵੇ ਸਗੋਂ ਬਾਅਦ ਵਿੱਚ ਦੱਸੇ ਤਰੀਕੇ ਤਾਂ ਸ਼ੈਤਾਨੀ ਰਾਹਾਂ ਵਿੱਚ ਨਵੀਨਤਾ ਲਿਆਉਣਾ ਹੈ ਅਤੇ ਧਰਮ ਦੀ ਰਾਹ ਤੋਂ ਭਟਕਾਉਣ ਵਾਲੇ, ਕੁਰਆਨ ਸ਼ਰੀਫ ਅਤੇ ਸਹੀ ਹਦੀਸਾਂ ਨੂੰ ਦੁਨੀਆਂ ਵਿੱਚ ਫੈਲਾਉਣਾ ਬੇਸ਼ੱਕ ਵੱਡਮੁਲ੍ਹਾ ਢੰਗ ਹੈ ਪਰ ਰਸਮੀ ਰੂਪ ਵਿੱਚ ਅਤੇ ਸੰਕੋਚ ਅਤੇ ਚਿੰਤਾ ਅਤੇ ਪੜ੍ਹਤਾਲ ਨਾਲ ਇਹ ਕੰਮ ਕਰਨਾ ਅਤੇ ਆਪਣੀ ਹੋਂਦ ਵਾਸਤਵ ਵਿੱਚ ਹੀ ਹਦੀਸ ਤੇ ਕੁਰਆਨ ਦੇ ਉਤਰਨ ਦੀ ਥਾਂ ਨਾ ਹੋਣਾ ਅਜਿਹੀ ਦਿਖਾਵੇ ਦੀ ਅਤੇ ਬੇਅਰਥ ਸੇਵਾਵਾਂ ਹਰ ਇੱਕ ਗਿਆਨ ਵਾਲਾ ਮਨੁੱਖ ਕਰ ਸਕਦਾ ਹੈ ਅਤੇ ਹਮੇਸ਼ਾ ਜਾਰੀ ਹਨ ਉਨ੍ਹਾਂ ਨੂੰ ਨਵੀਨਤਾ ਲਿਆਉਣ ਨਾਲ ਕੁੱਝ ਹਿੱਸਾ ਨਹੀਂ ਇਹ ਸਾਰੇ ਮਾਮਲੇ ਰੱਬ ਕੋਲ੍ਹ ਕੇਵਲ ਮੋਏ ਬਜ਼ੁਰਗਾਂ ਦੇ ਨਾਂ ਉੱਤੇ ਇੱਜ਼ਤ ਚਾਹੁਣਾ ਹੈ ਇਸ ਤੋਂ ਵੱਧ ਕੁੱਝ ਨਹੀਂ । ਰੱਬ ਫ਼ਰਮਾਉਂਦਾ ਹੈ : لِمَ تَقُولُونَ مَا لَا تَفْعَلُونَ (3) كَبُرَ مَقْتًا عِنْدَ اللَّهِ أَنْ تَقُولُوا مَا لَا تَفْعَلُونَ (ਅੱਸਫ਼:3-4) ਤੇ يَا أَيُّهَا الَّذِينَ آمَنُوا عَلَيْكُمْ أَنْفُسَكُمْ لَا يَضُرُّكُمْ

ਹਜ਼ਾਰਾਂ ਧੰਨਵਾਦ ਦੀ ਥਾਂ ਅਤੇ ਈਮਾਨ ਤੇ ਆਸਥਾ ਦੇ ਵਧਾਉਣ ਦਾ ਸਮਾਂ ਹੈ ਕਿ ਰੱਬ ਨੇ ਆਪਣੀ ਮਹਿਰ ਤੇ ਕਿਰਪਾ ਨਾਲ ਆਪਣੇ ਬਚਨ ਨੂੰ ਪੂਰਾ ਕਰ ਦਿੱਤਾ ਅਤੇ ਆਪਣੇ ਰਸੂਲ ਦੀ ਭਵਿੱਖਬਾਣੀ ਵਿੱਚ ਇੱਕ ਮਿੰਟ ਦੀ ਵੀ ਵਿਹਲ ਪੈਣ ਨਹੀਂ ਦਿੱਤੀ ਅਤੇ ਨਾ ਕੇਵਲ ਉਸ ਭਵਿੱਖਬਾਣੀ ਨੂੰ ਪੂਰਾ ਕੀਤਾ ਸਗੋਂ ਅੱਗੇ ਲਈ ਵੀ ਹਜ਼ਾਰਾਂ ਭਵਿੱਖਬਾਣੀਆਂ ਅਤੇ ਚਮਤਕਾਰਾਂ ਦਾ ਬੂਹਾ ਖੋਲ੍ਹ ਦਿੱਤਾ। ਜੇਕਰ ਤੁਸੀਂ ਈਮਾਨਦਾਰ ਹੋ ਤਾਂ ਧੰਨਵਾਦ ਕਰੋ ਅਤੇ ਧੰਨਵਾਦ ਦੇ ਸਜਦੇ ਕਰੋ ਕਿ ਉਹ ਜ਼ਮਾਨਾ ਜਿਸ ਦੀ ਉਡੀਕ ਕਰਦੇ ਕਰਦੇ ਤੁਹਾਡੇ ਵੱਡੇ-ਵੱਡੇਰੇ ਗੁਜ਼ਰ ਗਏ ਅਤੇ ਅਸੰਖ ਰੂਹਾਂ ਉਸ ਦੇ ਸ਼ੌਕ ਵਿੱਚ ਹੀ ਲੰਘ ਗਈਆਂ ਉਹ ਸਮਾਂ ਤੁਸੀ ਪਾ ਲਿਆ,

---

مَنْ ضَلَّ إِذَا اهْتَدَيْتُمْ (ਅਲ-ਮਾਇਦਾਹ:106) ਅੰਨ੍ਹਾ ਅੰਨ੍ਹੇ ਨੂੰ ਕੀ ਰਾਹ ਵਿਖਾਏਗਾ ਅਤੇ ਕੋੜ੍ਹੀ ਦੂਜੀਆਂ ਦੇ ਸਰੀਰਾਂ ਨੂੰ ਕੀ ਸਾਫ਼ ਕਰੇਗਾ। ਨਵੀਨਤਾ ਲਿਆਉਣਾ ਉਹ ਪਾਕ ਹਾਲਤ ਹੈ ਕਿ ਪਹਿਲਾਂ ਆਸ਼ਿਕਾਂ ਵਾਲੇ ਜੋਸ਼ ਨਾਲ ਉਸ ਪਾਕ ਦਿਲ੍ਹ ਉੱਤੇ ਆਗਮਨ ਹੁੰਦਾ ਹੈ ਕਿ ਜੋ ਰੱਬ ਨਾਲ ਗੱਲਾਂ ਕਰਨ ਦੇ ਦਰਜੇ ਤੱਕ ਪਹੁੰਚ ਗਿਆ ਹੋਵੇ ਫਿਰ ਦੂਜੀਆਂ ਵਿੱਚ ਛੇਤੀ ਜਾਂ ਦੇਰ ਨਾਲ ਉਹ ਸ਼ਾਮਿਲ ਹੁੰਦੀ ਹੈ। ਜੋ ਲੋਕ ਰੱਬ ਵੱਲੋ ਨਵੀਨਤਾ ਲਿਆਉਣ ਦੀ ਸ਼ਕਤੀ ਪਾਉਂਦੇ ਹਨ ਉਹ ਨਿਰੇ ਮੋਏ ਬਜ਼ੁਰਗਾਂ ਦੇ ਨਾਂ ਉੱਤੇ ਇੱਜ਼ਤ ਚਾਹੁਣ ਵਾਲੇ ਨਹੀਂ ਹੁੰਦੇ ਸਗੋਂ ਉਹ ਵਾਸਤਵ ਵਿੱਚ ਹੀ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲਮ ਦਾ ਨਾਇਬ ਅਤੇ ਅਧਿਆਤਮਕ ਰੂਪ ਵਿੱਚ ਆਪ ਦੇ ਖ਼ਲੀਫਾ ਹੁੰਦੇ ਹਨ। ਰੱਬ ਉਨ੍ਹਾਂ ਨੂੰ ਉਹ ਸਾਰੀਆਂ ਦਾਤਾਂ ਦਾ ਵਾਰਿਸ ਬਣਾਉਂਦਾ ਹੈ ਜਿਹੜੀਆਂ ਨਬੀਆਂ ਅਤੇ ਰਸੂਲਾਂ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀਆਂ ਗੱਲਾਂ ਉਤਸਾਹਿਤ ਕਰਨ ਵਾਲੀਆਂ ਹੁੰਦੀਆਂ ਹਨ ਨਾ ਕੇਵਲ ਕੋਸ਼ਿਸ਼ ਕਰਨ ਵਾਲੀਆਂ ਅਤੇ ਉਹ ਕਰਮ ਨਾਲ ਬੋਲਦੇ ਹਨ ਨਾ ਕੇਵਲ ਕਥਨ ਨਾਲ ਅਤੇ ਰੱਬ ਦੀ ਆਕਾਸ਼ਬਾਣੀ ਦਾ ਪ੍ਰਗਟਾਵਾ ਉਨ੍ਹਾਂ ਦੇ ਦਿਲ੍ਹਾਂ ਉੱਤੇ ਹੁੰਦਾ ਹੈ ਅਤੇ ਉਹ ਹਰ ਇੱਕ ਔਖੇ ਸਮੇਂ ਰੂਹ-ਉਲ-ਕੁਦੁਸ (ਪਵਿੱਤਰ ਰੂਹਾਂ) ਨਾਲ ਸਿੱਖਲਾਏ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਗੱਲਾਂ-ਬਾਤਾਂ ਅਤੇ ਕਿਰਦਾਰ ਵਿੱਚ ਦੁਨੀਆਂ ਦੀ ਪੂਜਾ ਦੀ ਮਿਲਾਵਟ ਨਹੀਂ ਹੁੰਦੀ। ਕਿਉਂਕਿ ਉਹ ਬਿਲਕੁਲ ਸਾਫ਼ ਕੀਤੇ ਗਏ ਅਤੇ ਸੰਪੂਰਨ ਰੂਪ ਨਾਲ ਖਿੱਚੇ ਗਏ ਹਨ।

ਹੁਣ ਉਸ ਦਾ ਸਤਿਕਾਰ ਕਰਨਾ ਜਾਂ ਨਾ ਕਰਨਾ ਅਤੇ ਉਸ ਤੋਂ ਲਾਭ ਚੁੱਕਣਾ ਜਾਂ ਨਾ ਚੁੱਕਣਾ ਤੁਹਾਡੇ ਹੱਥ ਹੈ। ਮੈਂ ਇਸ ਨੂੰ ਵਾਰ ਵਾਰ ਬਿਆਨ ਕਰਾਂਗਾ ਅਤੇ ਇਸ ਦੇ ਪ੍ਰਕਟ ਕਰਨ ਤੋਂ ਮੈਂ ਰੁੱਕ ਨਹੀਂ ਸਕਦਾ ਕਿ ਮੈਂ ਉਹ ਹੀ ਹਾਂ ਜੋ ਸਮੇਂ ਸਿਰ ਲੋਕਾਈ ਦੇ ਸੁਧਾਰ ਲਈ ਭੇਜਿਆ ਗਿਆ ਤਾਂ ਧਰਮ ਨੂੰ ਨਵੀਨ ਰੂਪ ਵਿੱਚ ਦਿੱਲ੍ਹਾਂ ਵਿੱਚ ਪਾ ਦਿੱਤਾ ਜਾਵੇ। ਮੈਂ ਇੰਞ ਭੇਜਿਆ ਗਿਆ ਹਾਂ ਜਿਵੇਂ ਉਹ ਮਨੁੱਖ ਕਲੀਮ-ਉਲ੍ਹਾ ਮਰਦੇ ਖ਼ੁਦਾ ਦੇ ਬਾਅਦ ਭੇਜਿਆ ਗਿਆ ਸੀ ਜਿਸ ਦੀ ਰੂਹ ਹੀਰੋਡਿਅਸ ਦੇ ਕਾਲ ਵਿੱਚ ਬਹੁਤ ਦੁੱਖਾਂ ਨਾਲ ਆਕਾਸ਼ ਵੱਲ੍ਹ ਚੁੱਕੀ ਗਈ। ਸੋ ਜੱਦ ਦੂਜਾ ਕਲੀਮ-ਉਲ੍ਹਾ ਜੋ ਅਸਲ ਵਿੱਚ ਸਾਰੀਆਂ ਤੋਂ ਪਹਿਲਾ ਅਤੇ ਨਬੀਆਂ ਦਾ ਸਰਦਾਰ ਹੈ ਦੂਜੇ ਫ਼ਿਰਓਨਾਂ ਨੂੰ ਮਿੱਧਣ ਲਈ ਆਇਆ ਜਿਸ ਦੇ ਪੱਖ ਵਿੱਚ ਹੈ :

إِنَّا أَرْسَلْنَا إِلَيْكُمْ رَسُولًا شَاهِدًا عَلَيْكُمْ كَمَا أَرْسَلْنَا إِلَى فِرْعَوْنَ رَسُولًا

(ਮੁਜ਼ੱਮਿੱਲ:16 )

ਤਾਂ ਉਸ ਨੂੰ ਵੀ ਜੋ ਆਪਣੀਆਂ ਕਾਰਵਾਈਆਂ ਵਿੱਚ ਪਹਿਲੇ ਕਲੀਮ ਦਾ ਪ੍ਰਤੀਕ ਪਰ ਸਥਾਨ ਵਿੱਚ ਉਸ ਤੋਂ ਵੱਧ ਸਤਿਕਾਰੀਆ ਸੀ ਇੱਕ ਮਸੀਹ ਦੇ ਪ੍ਰਤੀਕ ਦਾ ਬਚਨ ਦਿੱਤਾ ਗਿਆ ਅਤੇ ਉਹ ਮਸੀਹ ਦਾ ਪ੍ਰਤੀਕ ਸ਼ਕਤੀ ਅਤੇ ਕੁਦਰਤ ਅਤੇ ਮਸੀਹ ਇਬਨੇ ਮਰੀਅਮ ਦੀ ਖ਼ੂਬੀ ਪਾ ਕੇ ਉਸੇ ਜ਼ਮਾਨੇ ਵਾਂਗ ਅਤੇ ਉਸੇ ਮਿਆਦ ਦੇ ਨੇੜ੍ਹੇ ਜਿਹੜ੍ਹੀ ਪਹਿਲੇ ਕਲੀਮ ਦੇ ਜ਼ਮਾਨੇ ਤੋਂ ਮਸੀਹ ਇਬਨੇ ਮਰੀਅਮ ਦੇ ਜ਼ਮਾਨੇ ਤੱਕ ਸੀ ਅਰਥਾਤ 14ਵੀਂ ਸਦੀ ਵਿੱਚ ਆਕਾਸ਼ ਤੋਂ ਆਇਆ ਅਤੇ ਉਹ ਆਗਮਨ ਰੂਹਾਨੀ ਪਰਤਨਾ ਸੀ ਜਿਵੇਂ ਕਿ ਸੰਪੂਰਨ ਲੋਕਾਂ ਦਾ ਸੰਪੂਰਨਤਾ ਦੇ

ਬਾਅਦ ਲੋਕਾਈਂ ਦੇ ਸੁਧਾਰ ਲਈ ਆਗਮਨ ਹੁੰਦਾ ਹੈ ਅਤੇ ਸਾਰੀਆਂ ਗੱਲਾਂ ਵਿੱਚ ਉਸੇ ਯੁੱਗ ਦੇ ਸਮਰੂਪ ਯੁੱਗ ਵਿੱਚ ਆਇਆ ਜੋ ਮਸੀਹ ਇਬਨੇ ਮਰੀਅਮ ਦੇ ਆਉਣ ਦਾ ਜ਼ਮਾਨਾ ਸੀ ਤਾਂ ਸਮਝਣ ਵਾਲਿਆਂ ਲਈ ਨਿਸ਼ਾਨ ਹੋਵੇ[2] । ਸੋ ਹਰ ਇੱਕ ਨੂੰ ਚਾਹੀਦਾ ਹੈ ਕਿ ਉਸ ਦਾ

[2] ਇਹ ਜ਼ਮਾਨਾ ਜਿਸ ਵਿੱਚ ਅਸੀਂ ਹਾਂ ਇਹ ਇੱਕ ਅਜਿਹਾ ਜ਼ਮਾਨਾ ਹੈ ਕਿ ਵਿਖਾਵੇ, ਰੂਹ ਤੇ ਹਕੀਕਤ ਤੋਂ ਦੂਰੀ ਅਤੇ ਈਮਾਨਦਾਰੀ ਤੇ ਅਮਾਨਤ ਤੋਂ ਵੱਖ ਹੋਣਾ ਅਤੇ ਸੱਚਾਈ ਤੇ ਨੈਤਿਕ ਪਵਿੱਤਰਤਾ ਤੋਂ ਵਿਯੋਗ ਅਤੇ ਲਾਲਚ ਤੇ ਕੰਜੂਸੀ ਅਤੇ ਦੁਨੀਆਂ ਦੇ ਪ੍ਰੇਮ ਨਾਲ ਭਰੀਆ ਹੋਣਾ ਇਸ ਜ਼ਮਾਨੇ ਵਿੱਚ ਇੰਝ ਫੈਲ੍ਹ ਗਿਆ ਹੈ ਕਿ ਜਿਵੇਂ ਹਜ਼ਰਤ ਮਸੀਹ ਇਬਨੇ ਮਰੀਅਮ ਦੇ ਪ੍ਰਕਟ ਹੋਣ ਸਮੇਂ ਯਹੂਦੀਆਂ ਵਿੱਚ ਫੈਲ੍ਹੀਆਂ ਹੋਈਆਂ ਸੀ । ਸੋ ਜਿਵੇਂ ਯਹੂਦੀ ਉਸ ਜ਼ਮਾਨੇ ਵਿੱਚ ਅਸਲ ਨੇਕੀ ਤੋਂ ਬਿਲਕੁੱਲ ਬੇਖ਼ਬਰ ਹੋ ਗਏ ਸਨ । ਕੇਵਲ ਰਸਮਾਂ ਅਤੇ ਆਦਤਾਂ ਨੂੰ ਨੇਕੀ ਸਮਝਦੇ ਸਨ ਅਤੇ ਇਸ ਤੋਂ ਬਿਨ੍ਹਾਂ ਈਮਾਨਦਾਰੀ,ਅਮਾਨਤ,ਅੰਦਰਲੀ ਸਫਾਈ ਤੇ ਅਦਾਲਤ ਉਨ੍ਹਾਂ ਵਿੱਚੋਂ ਬਿਲਕੁੱਲ ਉੱਠ ਗਈ ਸੀ । ਸੱਚੀ ਹਮਦਰਦੀ ਅਤੇ ਸੱਚੀ ਮਿਹਰ ਦਾ ਨਾਂ ਨਹੀਂ ਰਿਹਾ ਸੀ ਅਤੇ ਕਿਸਮ ਕਿਸਮ ਦੀ ਮਖ਼ਲੂਕ ਪੂਜਾ ਨੇ ਅਸਲ ਈਸ਼ਟ ਦਾ ਸਥਾਨ ਲੈ ਲਿਆ ਸੀ । ਇੰਝ ਹੀ ਇਸ ਜ਼ਮਾਨੇ ਵਿੱਚ ਇਹ ਸਾਰੀਆਂ ਮੁਸੀਬਤਾਂ ਪ੍ਰਕਟ ਹੋ ਗਈਆਂ ਹਨ । ਹਲਾਲ ਚੀਜ਼ਾਂ ਨੂੰ ਸ਼ੁਕਰ ਅਤੇ ਧੰਨਵਾਦੀ ਨਿਮਰਤਾ ਨਾਲ ਵਰਤਿਆ ਨਹੀਂ ਜਾਂਦਾ । ਹਰਾਮ ਦੀ ਵਰਤੋਂ ਤੋਂ ਕੋਈ ਘ੍ਰਿਣਾ ਅਤੇ ਨਫ਼ਰਤ ਬਾਕੀ ਨਹੀਂ ਰਹੀ ਰੱਬ ਦੇ ਬੁਜ਼ੁਰਗ ਆਦੇਸ਼ ਅਰਥ ਕੱਢ ਕੇ ਟਾਲ ਦਿੱਤੇ ਜਾਂਦੇ ਹਨ । ਸਾਡੇ ਬਥੇਰੇ ਵਿਧਵਾਨ ਵੀ ਉਸ ਸਮੇਂ ਦੇ ਮੁਫ਼ਤੀਆਂ ਤੇ ਵਿਖ਼ਾਵਾ ਕਰਨ ਵਾਲੇ ਪੁਰਾਣੇ ਯਹੂਦੀਆਂ ਤੋਂ ਘੱਟ ਨਹੀਂ ਮੱਛਰ ਛੰਨਦੇ ਅਤੇ ਉੱਠ ਨੂੰ ਨਿਗ਼ਲ ਜਾਂਦੇ ਹਨ ਆਕਾਸ਼ ਦੀ ਹਕੂਮਤ ਲੋਕਾਂ ਅੱਗੇ ਬੰਦ ਕਰਦੇ ਹਨ ਨਾ ਤਾਂ ਆਪ ਉਸ ਵਿੱਚ ਜਾਂਦੇ ਹਨ ਅਤੇ ਨਾ ਜਾਣ ਵਾਲਿਆਂ ਨੂੰ ਜਾਣ ਦਿੰਦੇ ਹਨ । ਲੰਮੀਆਂ ਚੌੜੀਆਂ ਨਮਾਜ਼ਾਂ ਪੜ੍ਹਦੇ ਹਨ ਪਰ ਦਿਲ੍ਹ ਵਿੱਚ ਉਸ ਅਸਲ ਈਸ਼ਟ ਦੀ ਮੁਹੱਬਤ ਅਤੇ ਵੱਡੀਆਈ ਨਹੀਂ । ਮਿੰਬਰਾਂ ਉੱਤੇ ਚੜ੍ਹ ਕੇ ਵੱਡੇ ਰੁਲਾਉਣ ਵਾਲੇ ਭਾਸ਼ਣ ਦਿੰਦੇ ਹਨ ਪਰ ਉਨ੍ਹਾਂ ਦੇ ਅੰਦਰੂਨੀ ਕੰਮ ਹੋਰ ਹੀ ਹਨ । ਅਜੀਬ ਹਨ ਉਨ੍ਹਾਂ ਦੀਆਂ ਅੱਖਾਂ ਕਿ ਉਨ੍ਹਾਂ ਦੇ ਦਿਲ੍ਹਾਂ ਦੀ ਬਗਾਵਤ ਅਤੇ ਫ਼ਸਾਦੀ ਇਰਾਦੀਆਂ ਪਿਛੋਂ ਵੀ ਰੋਣ ਦਾ ਬਹੁਤ ਗੁਣ ਰੱਖਦੀਆਂ ਹਨ । ਅਤੇ ਅਜੀਬ ਹਨ ਉਨ੍ਹਾਂ ਦੀਆਂ ਜੀਭਾਂ ਕਿ ਦਿਲ੍ਹਾਂ ਦੇ ਸੱਖਤ ਪਰਾਇਆ ਹੋਣ ਪਿਛੋਂ ਵੀ ਆਪਣੇਪਨ ਦਾ ਦਮ ਭਰਤੀਆਂ ਹਨ ਇੰਝ ਹੀ ਯਹੂਦੀਆਂ ਦੀ ਆਦਤਾਂ ਹਰ ਪਾਸੇ ਫੈਲ੍ਹੀਆਂ ਹੋਈਆਂ ਨਜ਼ਰ ਆਉਂਦੀਆਂ ਹਨ । ਸੰਜਮਤਾ

ਅਤੇ ਰੱਬੀ ਡਰ ਵਿੱਚ ਵੱਡਾ ਫ਼ਰਕ ਆ ਗਿਆ ਹੈ ਆਸਥਾ ਦੀ ਕਮਜ਼ੋਰੀ ਨੇ ਰੱਬੀ ਪਿਆਰ ਨੂੰ ਠੰਡਾ ਕਰ ਦਿੱਤਾ ਹੈ। ਦੁਨੀਆਂ ਦੀ ਮੁਹੱਬਤ ਵਿੱਚ ਲੋਕ ਨੱਪੇ ਜਾਂਦੇ ਹਨ । ਅਤੇ ਜ਼ਰੂਰੀ ਸੀ ਕਿ ਇੰਝ ਹੀ ਹੁੰਦਾ ਕਿਉਂਕਿ ਹਜ਼ਰਤ ਸੱਯਦਨਾ ਵ ਮੌਲਾਨਾ ਸੱਲਲਾਹੋ ਅਲੈਹਿ ਵਸਲਮ ਭਵਿੱਖਬਾਣੀ ਵੱਜੋਂ ਫ਼ਰਮਾ ਚੁੱਕੇ ਹਨ ਕਿ "ਇਸ ਉੱਮਤ ਉੱਤੇ ਇੱਕ ਜ਼ਮਾਨਾ ਆਉਣ ਵਾਲਾ ਹੈ ਜਿਸ ਵਿੱਚ ਉਹ ਯਹੂਦੀਆਂ ਨਾਲ ਵੱਡੀ ਸਮਾਨਤਾ ਪੈਦਾ ਕਰੇਗੀ ਅਤੇ ਉਹ ਸਾਰੇ ਕੰਮ ਕਰੇਗੀ ਜਿਹੜੇ ਯਹੂਦੀ ਕਰ ਚੁੱਕੇ ਹਨ ਇੱਥੇ ਤੱਕ ਕਿ ਜੇਕਰ ਯਹੂਦੀ ਚੂਹੇ ਦੇ ਸੁਰਾਖ਼ ਵਿੱਚੋਂ ਦਾਖ਼ਲ ਹੋਏ ਹਨ ਤਾਂ ਉਹ ਵੀ ਦਾਖਲ ਹੋਵੇਗੀ। ਤੱਦ ਫਾਰਸ ਦੀ ਅਸਲ ਵਿੱਚੋਂ ਇੱਕ ਈਮਾਨ ਦੀ ਸਿੱਖਿਆ ਦੇਣ ਵਾਲਾ ਪੈਦਾ ਹੋਵੇਗਾ, ਜੇਕਰ ਈਮਾਨ ਸੁਰੱਯਾ (ਸਿਤਾਰੇ) ਉੱਤੇ ਪਹੁੰਚੀਆ ਹੁੰਦਾ ਤਾਂ ਉਹ ਉਸ ਨੂੰ ਉੱਥੋਂ ਵੀ ਪਾ ਲੈਂਦਾ"। ਇਹ ਭਵਿੱਖਬਾਣੀ ਆਂਹਜ਼ਰਤ ਸੱਲਲਾਹੋ ਅਲੈਹਿ ਵਸਲਮ ਦੀ ਹੈ ਜਿਸ ਦੀ ਹਕੀਕਤ ਆਕਾਸ਼ਬਾਣੀ ਨੇ ਇਸ ਵਿਨੀਤ ਉੱਤੇ ਖੋਲ੍ਹ ਦਿੱਤੀ ਅਤੇ ਵਿਆਖ਼ਿਆ ਨਾਲ ਉਸ ਦੀ ਹਾਲਤ ਪ੍ਰਕਟ ਕਰ ਦਿੱਤੀ ਅਤੇ ਮੇਰੇ ਉੱਤੇ ਰੱਬ ਨੇ ਆਪਣੀ ਆਕਾਸ਼ਬਾਣੀ ਰਾਹੀਂ ਖੋਲ੍ਹ ਦਿੱਤਾ ਕਿ ਹਜ਼ਰਤ ਮਸੀਹ ਇਬਨੇ ਮਰੀਅਮ ਵੀ ਵਾਸਤਵ'ਚ ਇੱਕ ਈਮਾਨ ਦੀ ਸਿੱਖਿਆ ਦੇਣ ਵਾਲਾ ਸੀ ਜੋ ਹਜ਼ਰਤ ਮੂਸਾ ਤੋਂ ਚੌਦਾਂ ਸੌ ਸਾਲ ਮਗਰੋਂ ਪੈਦਾ ਹੋਇਆ। ਉਸ ਜ਼ਮਾਨੇ ਵਿੱਚ ਜੱਦ ਕਿ ਯਹੂਦੀਆਂ ਦੀ ਈਮਾਨੀ ਹਾਲਤ ਬਹੁਤ ਕਮਜ਼ੋਰ ਹੋ ਗਈ ਸੀ ਅਤੇ ਉਹ ਈਮਾਨ ਦੀ ਕਮਜ਼ੋਰੀ ਕਰਕੇ ਉਨ੍ਹਾਂ ਸਾਰੀਆਂ ਖ਼ਰਾਬੀਆਂ ਵਿੱਚ ਫ਼ਸ ਗਏ ਸਨ ਜਿਹੜੀਆਂ ਵਾਸਤਵ'ਚ ਬੇਈਮਾਨੀ ਦੀ ਸ਼ਾਖਾਵਾਂ ਹਨ। ਸੋ ਜੱਦ ਕਿ ਇਸ ਉੱਮਤ ਨੂੰ ਵੀ ਆਪਣੇ ਨਬੀ ਸੱਲਲਾਹੋ ਅਲੈਹਿ ਵਸਲਮ ਦੀ ਨਿੱਯੁਕਤੀ ਦੇ ਕਾਲ ਉੱਤੇ ਚੌਦਾਂ ਸੌ ਸਾਲ ਦੇ ਨੇੜ੍ਹੇ ਸਮਾਂ ਲੰਘਿਆ ਤਾਂ ਉਹੀ ਆਫ਼ਤਾਂ ਇਨ੍ਹਾਂ ਵਿੱਚ ਵੀ ਵੱਡੀ ਗਿਣਤੀ ਵਿੱਚ ਪੈਦਾ ਹੋ ਗਈਆਂ ਜਿਹੜੀਆਂ ਯਹੂਦੀਆਂ ਵਿੱਚ ਪੈਦਾ ਹੋਈਆਂ ਸਨ । ਤਾਂ ਉਹ ਭਵਿੱਖਬਾਣੀ ਪੂਰੀ ਹੋ ਜਿਹੜੀ ਉਨ੍ਹਾਂ ਬਾਰੇ ਕੀਤੀ ਗਈ ਸੀ। ਸੋ ਰੱਬ ਨੇ ਉਨ੍ਹਾਂ ਲਈ ਵੀ ਇੱਕ ਈਮਾਨ ਦੀ ਸਿੱਖਿਆ ਦੇਣ ਵਾਲਾ ਮਸੀਲੇ ਮਸੀਹ ਆਪਣੀ ਸੰਪੂਰਨ ਕੁਦਰਤ ਨਾਲ ਭੇਜ ਦਿੱਤਾ। ਮਸੀਹ ਜੋ ਆਉਣ ਵਾਲਾ ਸੀ ਇਹੀ ਹੈ ਚਾਹੋ ਤਾਂ ਸਵੀਕਾਰ ਕਰੋ। ਜਿਸ ਦੇ ਕੰਨ ਸੁਨੰਣ ਦੇ ਹੋਣ ਸੁਣੇ। ਇਹ ਰੱਬ ਦਾ ਕੰਮ ਹੈ ਅਤੇ ਲੋਕਾਂ ਦੀ ਨਜ਼ਰ ਵਿੱਚ ਅਜੀਬ ਅਤੇ ਜੇਕਰ ਕੋਈ ਇਸ ਗੱਲ ਦਾ ਇੰਨਕਾਰ ਕਰੇ ਤਾਂ ਪਹਿਲਾਂ ਵੀ ਸੱਚੀਆਂ ਦਾ ਇੰਨਕਾਰ ਹੋ ਚੁੱਕੀਆ ਹੈ। ਯੂਹੱਨਾ ਅਰਥਾਤ ਯਹਯਾ ਨੂੰ ਜੋ ਜ਼ਕਰੀਆ ਦਾ ਪੁੱਤਰ ਸੀ ਯਹੂਦੀਆਂ ਨੇ ਕਦੇ ਵੀ ਸਵੀਕਾਰ ਨਹੀਂ ਕੀਤਾ ਜੱਦ ਕਿ ਮਸੀਹ ਨੇ ਉਸ ਬਾਰੇ ਗਵਾਹੀ ਦਿੱਤੀ ਕਿ ਇਹ ਉਹੀ ਹੈ ਜੋ ਆਕਾਸ਼ ਵੱਲ੍ਹ ਚੁੱਕਿਆ ਗਿਆ ਸੀ ਜਿਸ ਦੇ ਮੁੜ੍ਹ ਆਕਾਸ਼ ਵੱਲ੍ਹੋਂ ਆਉਣ ਦਾ ਪਾਕ ਲਿਖ਼ਤਾਂ ਵਿੱਚ ਬਚਨ ਸੀ। ਰੱਬ ਹਮੇਸ਼ਾ ਸੰਕੇਤਾਂ ਨਾਲ ਕੰਮ ਲੈਂਦਾ ਹੈ ਤੇ

ਸੁਭਾ ਤੇ ਖ਼ੂਬੀ ਤੇ ਸਮਰੱਥਾ ਦੇ ਆਧਾਰ ਉੱਤੇ ਇੱਕ ਦਾ ਨਾਂ ਦੂਜੇ ਨੂੰ ਦਿੰਦਾ ਹੈ। ਜੋ ਇਬਰਾਹੀਮ ਦੇ ਦਿਲ੍ਹ ਦੇ ਅਨੁਕੂਲ ਦਿਲ੍ਹ ਰੱਖਦਾ ਹੈ ਉਹ ਰੱਬ ਦੇ ਨੇੜ੍ਹੇ ਇਬਰਾਹੀਮ ਹੈ ਅਤੇ ਜਿਹੜ੍ਹਾ ਉਮਰ ਫਾਰੂਕ ਦਾ ਦਿਲ੍ਹ ਰੱਖਦਾ ਹੈ ਉਹ ਰੱਬ ਦੇ ਨੇੜ੍ਹੇ ਉਮਰ ਫਾਰੂਕ ਹੈ। ਕੀ ਤੁਸੀਂ ਇਹ ਹਦੀਸ ਪੜ੍ਹਦੇ ਨਹੀਂ ਕਿ ਜੇਕਰ ਇਸ ਉੱਮਤ ਵਿੱਚ ਵੀ ਮੁਹੱਦਸ ਹਨ ਜਿਨ੍ਹਾਂ ਨਾਲ ਰੱਬ ਗੱਲਾਂ ਕਰਦਾ ਹੈ ਤਾਂ ਉਹ ਉਮਰ ਹੈ। ਹੁਣ ਕੀ ਇਸ ਹਦੀਸ ਦੇ ਇਹ ਅਰਥ ਹਨ ਕਿ ਮੁਹੱਦਸੀਅਤ ਹਜ਼ਰਤ ਉਮਰ ਤੇ ਖ਼ਤਮ ਹੋ ਗਈ। ਬਿਲਕੁੱਲ ਨਹੀਂ। ਸਗੋਂ ਹਦੀਸ ਦਾ ਮੱਤਲਬ ਇਹ ਹੈ ਕਿ ਜਿਸ ਮਨੁੱਖ ਦੀ ਰੂਹਾਨੀ ਹਾਲਤ ਉਮਰ ਦੀ ਰੂਹਾਨੀ ਹਾਲਤ ਦੇ ਅਨੁਕੂਲ ਹੋਵੇਗੀ ਉਹੀ ਲੋੜ੍ਹ ਅਨੁਸਾਰ ਮੁਹੱਦਸ ਹੋਵੇਗਾ। ਸੋ ਇਸ ਵਿਨੀਤ ਨੂੰ ਵੀ ਇੱਕ ਵਾਰ ਇਸ ਬਾਰੇ ਇਲਹਾਮ ਹੋਇਆ ਸੀ فِیْکَ مَادَۃٌ فَارُوْقِیَّۃٌ (ਫ਼ੀਕਾ ਮਾਦਤੁਨ ਫ਼ਾਰੂਕੀਯਤਨ-ਅਨੁਵਾਦਕ) ਸੋ ਇਸ ਵਿਨੀਤ ਨੂੰ ਹੋਰ ਬੁਜ਼ੁਰਗਾਂ ਦੀ ਕੁਦਰਤੀ ਸਮਾਨਤਾਵਾਂ ਤੋਂ ਬਿਨ੍ਹਾਂ ਜਿਸ ਦੀ ਵਿਆਖ਼ਿਆ ਬਰਾਹੀਨ ਅਹਮਦੀਆ ਵਿੱਚ ਵਿਸਥਾਰਪੂਰਵਕ ਸੰਪੂਰਨ ਦਰਜ ਹੈ। ਹਜ਼ਰਤ ਮਸੀਹ ਨਾਲ ਇੱਕ ਖਾਸ ਸਮਾਨਤਾ ਹੈ ਅਤੇ ਇਸੇ ਕੁਦਰਤੀ ਸਮਾਨਤਾ ਕਰਕੇ ਮਸੀਹ ਦੇ ਨਾਂ ਉੱਤੇ ਇਸ ਵਿਨੀਤ ਨੂੰ ਭੇਜਿਆ ਗਿਆ ਤਾਂ ਈਸਾਈ ਵਿਸ਼ਵਾਸ਼ ਨੂੰ ਚਕਨਾਚੂਰ ਕਰ ਦਿੱਤਾ ਜਾਵੇ। ਸੋ ਮੈਂ ਸਲੀਬ ਦੇ ਤੋੜ੍ਹਣ ਅਤੇ ਸੂਅਰਾਂ ਦੇ ਕਤਲ ਕਰਨ ਲਈ ਭੇਜਿਆ ਗਿਆ ਹਾਂ। ਮੈਂ ਆਕਾਸ਼ ਤੋਂ ਆਇਆ ਹਾਂ ਉਨ੍ਹਾਂ ਪਾਕ ਫਰਿਸ਼ਤੀਆਂ ਨਾਲ ਜਿਹੜ੍ਹੇ ਮੇਰੇ ਸੱਜੇ ਖੱਬੇ ਪਾਸੇ ਸਨ। ਜਿਨ੍ਹਾਂ ਨੂੰ ਮੇਰਾ ਰੱਬ ਜੋ ਮੇਰੇ ਨਾਲ ਹੈ ਮੇਰੇ ਕੰਮ ਦੇ ਪੂਰਾ ਕਰਨ ਲਈ ਹਰ ਇੱਕ ਤਤਪਰ ਦਿਲ੍ਹ ਵਿੱਚ ਦਾਖ਼ਲ ਕਰੇਗਾ ਸਗੋਂ ਕਰ ਰਿਹਾ ਹੈ ਅਤੇ ਜੇਕਰ ਮੈਂ ਚੁੱਪ ਵੀ ਰਹਾਂ ਅਤੇ ਮੇਰੀ ਕਲਮ ਲਿੱਖਣ ਤੋਂ ਰੁੱਕੀ ਰਹੇ ਤੱਦ ਵੀ ਉਹ ਫ਼ਰਿਸ਼ਤੇ ਜੋ ਮੇਰੇ ਨਾਲ ਆਏ ਹਨ ਆਪਣਾ ਕੰਮ ਬੰਦ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੇ ਹੱਥ ਵਿੱਚ ਵੱਡੀ ਵੱਡੀ ਗਰਜ਼ਾਂ (ਇੱਕ ਪ੍ਰਕਾਰ ਦਾ ਹਥਿਆਰ) ਹਨ ਜਿਹੜ੍ਹੀਆਂ ਸਲੀਬ ਤੋੜ੍ਹਣ ਤੇ ਲੋਕਾਂ ਦੇ ਬਣਾਏ ਬੁੱਤਾਂ ਨੂੰ ਕੁੱਚਲਣ ਲਈ ਦਿੱਤੀਆਂ ਗਈਆਂ ਹਨ। ਸ਼ਾਇਦ ਕੋਈ ਬੇਖ਼ਬਰ ਇਸ ਹੈਰਾਨੀ ਵਿੱਚ ਪਏ ਕਿ ਫਰਿਸ਼ਤੀਆਂ ਦਾ ਆਗਮਨ ਕੀ ਅਰਥ ਰੱਖਦਾ ਹੈ। ਸੋ ਸਪੱਸ਼ਟ ਹੋ ਕਿ ਰੱਬ ਦੀ ਆਦਤ ਇੰਝ ਜਾਰੀ ਹੈ ਕਿ ਜੱਦ ਕੋਈ ਰਸੂਲ ਜਾਂ ਨਬੀ ਜਾਂ ਮੁਹੱਦਸ ਲੋਕਾਈਂ ਦੇ ਸੁਧਾਰ ਲਈ ਆਕਾਸ਼ ਤੋਂ ਆਉਂਦਾ ਹੈ ਤਾਂ ਜ਼ਰੂਰ ਉਸ ਨਾਲ ਸਵਾਰ ਅਜਿਹੇ ਫ਼ਰਿਸ਼ਤੇ ਆਉਂਦੇ ਹਨ ਕਿ ਜੋ ਤਤਪਰ ਦਿਲ੍ਹਾਂ ਵਿੱਚ ਨਿਰਦੇਸ਼ ਪਾਉਂਦੇ ਹਨ ਅਤੇ ਨੇਕੀ ਦਾ ਸ਼ੌਕ ਵਧਾਉਂਦੇ ਹਨ ਅਤੇ ਬਰਾਬਰ ਆਉਂਦੇ ਰਹਿੰਦੇ ਹਨ ਜੱਦ ਤੱਕ ਕੁਫ਼ਰ ਤੇ ਗ਼ੁਮਰਾਹੀ ਦਾ ਹਨੇਰ ਦੂਰ ਹੋ ਕੇ ਈਮਾਨ ਤੇ ਸੱਚਾਈ ਦੀ ਸੱਚੀ ਸਵੇਰ ਪ੍ਰਕਟ ਹੋਵੇ ਜਿਵੇਂ ਕਿ ਵੱਡੀ ਸ਼ਾਨ ਵਾਲਾ ਰੱਬ ਫ਼ਰਮਾਉਂਦਾ ਹੈ :

تَنَزَّلُ الْمَلَائِكَةُ وَالرُّوحُ فِيهَا بِإِذْنِ رَبِّهِمْ مِنْ كُلِّ أَمْرٍ (5) سَلَامٌ هِيَ حَتَّى مَطْلَعِ الْفَجْرِ (6)

(ਸੂਰਾਹ ਅਲ-ਕਦਰ:5-6)

ਸੋ ਫ਼ਰਿਸ਼ਤੀਆਂ ਤੇ ਪਵਿੱਤਰ ਰੂਹਾਂ ਦਾ ਆਗਮਨ ਅਰਥਾਤ ਆਕਾਸ਼ ਤੋਂ ਆਉਣਾ ਉਸੇ ਸਮੇਂ ਹੁੰਦਾ ਹੈ ਜੱਦ ਇੱਕ ਮਹਾਨ ਆਦਮੀ ਉੱਤਰ ਅਧਿਕਾਰੀ ਦਾ ਚੋਲ੍ਹਾ ਪਾ ਕੇ ਅਤੇ ਰੱਬੀ ਕਲਾਮ ਨਾਲ ਸਨਮਾਨ ਪਾ ਕੇ ਜ਼ਮੀਨ ਉੱਤੇ ਆਗਮਨ ਕਰਦਾ ਹੈ ਪਵਿੱਤਰ ਰੂਹ ਖ਼ਾਸ ਤੌਰ'ਤੇ ਉਸ ਉੱਤਰ ਅਧਿਕਾਰੀ ਨੂੰ ਮਿਲਦੀ ਹੈ ਅਤੇ ਜੋ ਉਸ ਨਾਲ ਫ਼ਰਿਸ਼ਤੇ ਹਨ ਉਹ ਸਾਰੀ ਦੁਨੀਆਂ ਦੇ ਤਤਪਰ ਦਿਲ੍ਹਾਂ ਉੱਤੇ ਆਗਮਨ ਕਰਦੇ ਹਨ । ਤੱਦ ਸੰਸਾਰ ਵਿੱਚ ਜਿੱਥੇ ਜਿੱਥੇ ਯੋਗ ਬੰਦੇ ਪਾਏ ਜਾਂਦੇ ਹਨ ਸਾਰੀਆਂ ਉੱਤੇ ਉਸ ਨੂਰ ਦਾ ਪਰਛਾਵਾ ਪੈਂਦਾ ਹੈ ਅਤੇ ਸਾਰੇ ਸੰਸਾਰ ਵਿੱਚ ਇੱਕ ਰੌਸ਼ਨੀ ਫੈਲ੍ਹ ਜਾਂਦੀ ਹੈ ਅਤੇ ਫ਼ਰਿਸ਼ਤੀਆਂ ਦੇ ਪਾਕ ਅਸਰ ਨਾਲ ਆਪਣੇ ਆਪ ਹੀ ਦਿਲ੍ਹਾਂ ਵਿੱਚ ਪਵਿੱਤਰ ਵਿਚਾਰ ਪੈਦਾ ਹੋਣ ਲੱਗਦੇ ਹਨ । ਅਤੇ ਇੱਕ ਇਸ਼ਵਰਵਾਦ ਪਿਆਰਾ ਲੱਗਣ ਲੱਗਦਾ ਹੈ ਅਤੇ ਸਿੱਧੇ ਦਿਲ੍ਹਾਂ ਵਿੱਚ ਸੱਚ ਪਸੰਦ ਕਰਨਾ ਅਤੇ ਹੱਕ ਦੀ ਭਾਲ ਕਰਨ ਦੀ ਇੱਕ ਰੂਹ ਫੂਕ ਦਿੱਤੀ ਜਾਂਦੀ ਹੈ ਅਤੇ ਕਮਜ਼ੋਰਾਂ ਨੂੰ ਸ਼ਕਤੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਹਰ ਪਾਸੇ ਅਜਿਹੀ ਹਵਾ ਵੱਗਣੀ ਸ਼ੁਰੂ ਹੋ ਜਾਂਦੀ ਹੈ ਕਿ ਜਿਹੜ੍ਹੀ ਉਸ ਸੁਧਾਰਕ ਦੇ ਉਦੇਸ਼ ਤੇ ਮਕਸਦ ਨੂੰ ਮਦਦ ਦਿੰਦੀ ਹੈ ਇੱਕ ਓਹਲੇ ਹੱਥ ਦੀ ਉਤੇਜਨਾ ਨਾਲ ਆਪਣੇ ਆਪ ਲੋਕ ਯੋਗਤਾ ਵੱਲ੍ਹ ਖ਼ਿਸਕਦੇ ਚਲ੍ਹੇ ਆਉਂਦੇ ਹਨ ਅਤੇ ਕੌਮਾਂ ਵਿੱਚ ਇੱਕ ਹਿਲਜੁਲ ਜਿਹੀ ਸ਼ੁਰੂ ਹੋ ਜਾਂਦੀ ਹੈ । ਤੱਦ ਨਾ ਸਮਝ ਲੋਕ ਖ਼ਿਆਲ ਕਰਦੇ ਹਨ ਕਿ ਦੁਨੀਆਂ ਦੇ ਵਿਚਾਰਾਂ ਨੇ ਆਪਣੇ ਆਪ ਸੱਚਾਈ ਵੱਲ੍ਹ ਪਲਟਾ ਖਾਦਾ ਹੈ ਪਰ ਵਾਸਤਵ'ਚ ਇਹ ਕੰਮ ਉਨ੍ਹਾਂ ਫ਼ਰਿਸ਼ਤੀਆਂ ਦਾ ਹੁੰਦਾ ਹੈ ਕਿ ਜਿਹੜ੍ਹੇ ਰੱਬ ਦੇ ਖ਼ਲੀਫ਼ਾ ਨਾਲ ਅਸਮਾਨ ਤੋਂ ਆਉਂਦੇ ਹਨ ਅਤੇ ਸੱਚ ਸਵੀਕਾਰ ਕਰਨ ਅਤੇ ਸਮਝਣ ਲਈ ਗ਼ੈਰ ਮਾਮੂਲੀ ਸ਼ਕਤੀਆਂ ਬਖ਼ਸ਼ਦੇ ਹਨ। ਸੁੱਤੇ ਹੋਏ ਲੋਕਾਂ ਨੂੰ ਜਗ੍ਹਾਉਂਦੇ ਹਨ ਅਤੇ ਮਸਤਾਂ ਨੂੰ ਹੁਸ਼ਿਆਰ ਕਰਦੇ ਹਨ ਅਤੇ ਬੋਲ੍ਹਿਆ ਦੇ ਕੰਨ ਖੋਲ੍ਹਦੇ ਹਨ ਅਤੇ ਮੁਰਦੀਆਂ ਵਿੱਚ ਜੀਵਨ ਦੀ ਰੂਹ ਫੂਕਦੇ ਹਨ ਅਤੇ ਉਨ੍ਹਾਂ ਨੂੰ ਜਿਹੜ੍ਹੇ ਕਬਰਾਂ ਵਿੱਚ ਹਨ ਬਾਹਰ ਕੱਢਦੇ ਹਨ । ਤੱਦ ਲੋਕੀ ਇੱਕ ਦਮ ਅੱਖਾਂ ਖੋਲ੍ਹਣ ਲੱਗਦੇ ਹਨ ਅਤੇ ਉਨ੍ਹਾਂ ਦੇ ਦਿਲ੍ਹ ਉੱਤੇ ਉਹ ਗੱਲਾਂ ਖੁਲ੍ਹਣ ਲੱਗਦੀਆਂ ਹਨ ਜਿਹੜ੍ਹੀਆਂ ਪਹਿਲਾਂ ਛੁੱਪਿਆ ਸਨ । ਅਤੇ ਵਾਸਤਵ'ਚ ਇਹ ਫ਼ਰਿਸ਼ਤੇ ਰੱਬ ਦੇ ਖ਼ਲੀਫ਼ਾ ਤੋਂ ਵੱਖ ਨਹੀਂ ਹੁੰਦੇ ਉਸੇ ਦੇ ਚਿਹਰੇ ਦਾ ਨੂਰ ਅਤੇ ਉਸੇ ਦੀ ਹਿੰਮਤ ਦੇ ਰੌਸ਼ਨ ਨਿਸ਼ਾਨ ਹੁੰਦੇ ਹਨ ਜਿਹੜ੍ਹੇ ਆਪਣੀ ਚੁੰਬਕੀ ਸ਼ਕਤੀ ਨਾਲ ਹਰ ਇੱਕ ਮੌਕਾ ਰੱਖਣ ਵਾਲੇ ਨੂੰ ਆਪਣੇ ਵੱਲ੍ਹ ਖਿੱਚਦੇ ਹਨ ਭਾਵੇਂ ਉਹ ਸ਼ਰੀਰਕ ਰੂਪ ਵਿੱਚ ਕੋਲ੍ਹ ਹੋਵੇ ਜਾਂ ਦੂਰ ਹੋਵੇ ਅਤੇ ਭਾਵੇਂ ਜਾਣੂ ਹੋਵੇ ਜਾਂ ਬਿਲਕੁੱਲ ਓਪਰੇ ਹੋਵੇ ਅਤੇ ਨਾਂ ਤੋਂ ਵੀ ਅਣਜਾਣ ਹੋਵੇ । ਅਰਥਾਤ ਉਸ ਜ਼ਮਾਨੇ ਵਿੱਚ ਜੋ

ਵੀ ਨੇਕੀ ਵੱਲ੍ਹ ਗਤੀਵਿੱਧੀਆਂ ਹੁੰਦੀਆਂ ਹਨ ਅਤੇ ਸੱਚ ਦੇ ਸਵੀਕਾਰ ਕਰਨ ਲਈ ਜੋਸ਼ ਪੈਦਾ ਹੁੰਦੇ ਹਨ ਭਾਵੇਂ ਉਹ ਜੋਸ਼ ਏਸ਼ੀਆਈ ਲੋਕਾਂ ਵਿੱਚ ਪੈਦਾ ਹੋਣ ਜਾਂ ਯੂਰੋਪ ਦੇ ਨਿਵਾਸੀਆਂ ਵਿੱਚ ਜਾਂ ਅਮਰੀਕਾ ਦੇ ਰਹਿਣ ਵਾਲਿਆਂ ਵਿੱਚ ਉਹ ਵਾਸਤਵ'ਚ ਉਨ੍ਹਾਂ ਫ਼ਰਿਸ਼ਤੀਆਂ ਦੇ ਹੁਲਾਰੇ ਨਾਲ ਜਿਹੜ੍ਹੇ ਉਸ ਰੱਬ ਦੇ ਖ਼ਲੀਫ਼ਾ ਨਾਲ ਆਉਂਦੇ ਹਨ ਪ੍ਰਕਟ ਹੁੰਦੇ ਹਨ। ਇਹ ਰੱਬੀ ਕਾਨੂੰਨ ਹੈ ਜਿਸ ਵਿੱਚ ਕਦੇ ਤਬਦੀਲੀ ਨਹੀ ਆਉਂਦੀ ਅਤੇ ਬਹੁਤ ਸਾਫ਼ ਤੇ ਛੇਤੀ ਸਮਝ ਆਉਣ ਵਾਲਾ ਹੈ। ਅਤੇ ਤੁਹਾਡੀ ਬਦਕਿਸਮਤੀ ਹੈ ਜੇਕਰ ਤੁਸੀਂ ਉਸ ਉੱਤੇ ਵਿਚਾਰ ਨਾ ਕਰੋ। ਕਿਉਂਕਿ ਇਹ ਵਿਨੀਤ ਸੱਚ ਅਤੇ ਸੱਚਾਈ ਨਾਲ ਰੱਬ ਵੱਲੋਂ ਆਇਆ ਹੈ ਇਸ ਲਈ ਤੁਸੀਂ ਸੱਚਾਈ ਦੇ ਨਿਸ਼ਾਨ ਹਰ ਇੱਕ ਪਾਸੇ ਤੋਂ ਪਾਓਗੇ। ਉਹ ਸਮਾਂ ਦੂਰ ਨਹੀਂ ਸਗੋਂ ਬਹੁਤ ਕਰੀਬ ਹੈ ਕਿ ਜੱਦ ਤੁਸੀਂ ਫ਼ਰਿਸ਼ਤੀਆਂ ਦੀਆਂ ਫ਼ੌਜਾਂ ਦਾ ਆਕਾਸ਼ ਉੱਤੋਂ ਆਗਮਨ ਹੁੰਦਾ ਅਤੇ ਏਸ਼ੀਅਨ,ਯੂਰੋਪੀਅਨ ਤੇ ਅਮਰੀਕਨ ਦਿਲ੍ਹਾਂ ਉੱਤੇ ਆਗਮਨ ਹੁੰਦਾ ਵੇਖੋਗੇ। ਇਹ ਤੁਸੀਂ ਕੁਰਆਨ ਸ਼ਰੀਫ ਤੋਂ ਮਾਲੂਮ ਕਰ ਚੁੱਕੇ ਹੋ ਕਿ ਰੱਬ ਦੇ ਖ਼ਲੀਫ਼ਾ ਦੇ ਆਗਮਨ ਨਾਲ ਫ਼ਰਿਸ਼ਤੀਆਂ ਦਾ ਆਗਮਨ ਜ਼ਰੂਰੀ ਹੈ ਤਾਂ ਦਿਲ੍ਹਾਂ ਨੂੰ ਹੱਕ ਵੱਲ੍ਹ ਮੋੜ੍ਹਣ ਸੋ ਤੁਸੀਂ ਇਸ ਨਿਸ਼ਾਨ ਦੇ ਉਡੀਕਵਾਨ ਰਹੋ। ਜੇਕਰ ਫ਼ਰਿਸ਼ਤੀਆਂ ਦਾ ਆਉਣਾ ਨਹੀਂ ਹੋਇਆ ਅਤੇ ਉਨ੍ਹਾਂ ਦੇ ਆਉਣ ਦੇ ਪ੍ਰਮੁੱਖ ਅਸਰ ਤੁਸੀਂ ਦੁਨੀਆਂ ਵਿੱਚ ਨਾ ਵੇਖੋ ਅਤੇ ਹੱਕ ਵੱਲ੍ਹ ਦਿਲ੍ਹਾਂ ਦੀ ਹਰਕਤ ਨੂੰ ਆਦਤ ਤੋਂ ਵੱਧ ਨਾ ਪਾਓ ਤਾਂ ਤੁਸੀਂ ਇਹ ਸਮਝਣਾ ਕਿ ਆਕਾਸ਼ ਤੋਂ ਕੋਈ ਨਹੀਂ ਆਇਆ। ਪਰ ਜੇਕਰ ਇਹ ਸਾਰੀਆਂ ਗੱਲਾਂ ਪ੍ਰਕਟ ਹੋ ਗਈਆਂ ਤਾਂ ਤੁਸੀਂ ਇੰਨਕਾਰ ਤੋਂ ਬਾਜ਼ ਆਓ। ਤਾਂ ਤੁਸੀ ਰੱਬ ਕੋਲ੍ਹ ਇੱਕ ਅੜ੍ਹਿਅਲ ਬਾਗ਼ੀ ਕੌਮ ਨਾ ਠਹਿਰੋ।

ਦੂਜਾ ਨਿਸ਼ਾਨ ਇਹ ਹੈ ਕਿ ਰੱਬ ਨੇ ਇਸ ਵਿਨੀਤ ਨੂੰ ਉਨ੍ਹਾਂ ਨੂਰਾਂ ਤੋਂ ਖਾਸ ਕੀਤਾ ਹੈ ਜਿਹੜ੍ਹੇ ਪਵਿੱਤਰ ਬੰਦਿਆਂ ਨੂੰ ਮਿਲਦੇ ਹਨ ਜਿਨ੍ਹਾਂ ਦਾ ਦੂਜੇ ਲੋਕ ਮੁਕਾਬਲਾ ਨਹੀਂ ਕਰ ਸਕਦੇ। ਸੋ ਜੇਕਰ ਤੁਹਾਨੂੰ ਸ਼ੱਕ ਹੋਵੇ ਤਾਂ ਮੁਕਾਬਲਾ ਲਈ ਆਓ ਅਤੇ ਨਿਸ਼ਚਿਤ ਰੂਪ ਵਿੱਚ ਸਮਝੋ ਕਿ ਤੁਸੀਂ ਕਦੇ ਵੀ ਮੁਕਾਬਲਾ ਨਹੀਂ ਕਰ ਸਕਦੇ। ਤੁਹਾਡੇ ਕੋਲ੍ਹ ਜੀਭਾਂ ਹਨ ਪਰ ਦਿਲ੍ਹ ਨਹੀਂ। ਸਰੀਰ ਹਨ ਪਰ ਜਾਨ ਨਹੀਂ। ਅੱਖਾਂ ਦੀ ਪੁਤਲੀਆਂ ਹਨ ਪਰ ਉਸ ਵਿੱਚ ਨੂਰ ਨਹੀਂ। ਰੱਬ ਤੁਹਾਨੂੰ ਨੂਰ ਬਖ਼ਸ਼ੇ ਤਾਂ ਤੁਸੀ ਵੇਖ ਲਓ।

ਤੀਜਾ ਨਿਸ਼ਾਨ ਇਹ ਹੈ ਕਿ ਉਹ ਪਵਿੱਤਰ ਨਬੀ ਜਿਸ ਉੱਤੇ ਤੁਸੀਂ ਇਮਾਨ ਲਿਆਉਣ ਦਾ ਦਾਅਵਾ ਕਰਦੇ ਹੋ ਉਸ ਪਾਕ ਨਬੀ ਅਲੈਹਿ ਸਲਾਮ ਨੇ ਇਸ ਵਿਨੀਤ ਬਾਰੇ ਲਿੱਖਿਆ ਹੈ ਜੋ ਤੁਹਾਡੀ ਸਹੀ ਹਦੀਸ ਵਿੱਚ ਮੌਜੂਦ ਹੈ ਜਿਸ ਉੱਤੇ ਅੱਜ ਤੱਕ ਤੁਸੀਂ ਕਦੇ ਧਿਆਨ ਨਹੀਂ ਦਿੱਤਾ। ਸੋ ਤੁਸੀ ਵਾਸਤਵ'ਚ ਆਂਹਜ਼ਰਤ ਸੱਲਲਾਹੋ ਅਲੈਹਿ ਵਸਲਮ ਦੇ ਛੁੱਪੇ ਹੋਏ ਦੁਸ਼ਮਨ ਹੋ ਕਿ ਉਨ੍ਹਾਂ ਦੀ

---

ਪੁਸ਼ਟੀ ਲਈ ਨਹੀਂ ਸਗੋਂ ਇੰਨਕਾਰ ਲਈ ਚਿੰਤਾ ਕਰ ਰਹੇ ਹੋ । ਹੁਣ ਬਥੇਰੇ ਤੁਹਾਡੇ ਵਿੱਚੋਂ ਕੁਫ਼ਰ ਦੇ ਫਤਵੇ ਲਿੱਖਣਗੇ ਅਤੇ ਜੇਕਰ ਸੰਭਵ ਹੁੰਦਾ ਤਾਂ ਕਤਲ ਕਰਦੇ । ਪਰ ਇਹ ਸਰਕਾਰ ਉਸ ਕੌਮ ਦੀ ਸਰਕਾਰ ਨਹੀਂ ਜਿਹੜੀ ਭੜ੍ਹਕਣ ਵਿੱਚ ਤੇਜ਼ ਤੇ ਸਮਝਣ ਵਿੱਚ ਬਹੁਤ ਮੂਰਖ਼ ਅਤੇ ਨੈਤਿਕ ਸਹਿਣਸ਼ੀਲਤਾ ਵਿੱਚ ਬਹੁਤ ਪਿੱਛੇ ਰਹੀ ਹੋਵੇ ਅਤੇ ਯਹੂਦੀਅਤ ਦੀ ਰੂਹ ਨੂੰ ਜ਼ਿੰਦਾ ਕਰਕੇ ਵਿਖਾ ਰਹੀ ਹੋਵੇ । ਇਹ ਸਰਕਾਰ ਭਾਵੇਂ ਆਸਥਾ ਦੇ ਗੁਣਾਂ ਤੇ ਮਿਹਰਾਂ ਨੂੰ ਆਪਣੇ ਨਾਲ ਨਹੀਂ ਰੱਖਦੀ ਤਾਂ ਵੀ ਹੀਰੋਡੀਅਸ ਦੇ ਕਾਲ ਨੂੰ ਜਿਸ ਨਾਲ ਹਜ਼ਰਤ ਮਸੀਹ ਇਬਨੇ ਮਰਿਅਮ ਦਾ ਮਾਮਲਾ ਪਿਆ ਸੀ ਬਹੁਤ ਚੰਗੀ ਅਤੇ ਹਾਲ ਦੀ ਇਸਲਾਮੀ ਰਿਆਸਤਾਂ ਤੋਂ ਸ਼ਾਂਤੀ ਅਤੇ ਆਮ ਭਲਾਈ ਦੇ ਫੈਲਾਉਣ ਅਤੇ ਅਜ਼ਾਦੀ ਦੇਣ ਅਤੇ ਸੁਰੱਖਿਆ ਅਤੇ ਜਨਤਾ ਦੀ ਸਿੱਖਲਾਈ ਅਤੇ ਇਨਸਾਫ਼ ਦੇ ਕਾਨੂਨਾਂ ਦੇ ਪ੍ਰਬੰਧ ਅਤੇ ਮੁਜਰਿਮਾਂ ਦੇ ਫੜ੍ਹਣ ਦੇ ਹਿਸਾਬ ਨਾਲ ਬਹੁਤ ਵੱਧਿਆ ਹੈ । ਰੱਬ ਦੀ ਸੂਖ਼ਮ ਹਿਕਮਤ ਨੇ ਜਿਵੇਂ ਕਿ ਮਸੀਹ ਨੂੰ ਯਹੂਦੀਆਂ ਦੀ ਹਕੂਮਤ ਦੇ ਦਿਨਾਂ ਵਿੱਚ ਅਤੇ ਉਨ੍ਹਾਂ ਦੀ ਗੌਰਮਿੰਟ ਅਧੀਨ ਨਹੀਂ ਭੇਜਿਆ ਸੀ ਇੰਝ ਹੀ ਇਸ ਵਿਨੀਤ ਦੇ ਬਾਰ ਵਿੱਚ ਵੀ ਇਹੀ ਤੈਅ ਹਿਕਮਤ ਰੱਖੀ ਗਈ ਤਾਂ ਸਮਝਣ ਵਾਲੀਆਂ ਲਈ ਨਿਸ਼ਾਨ ਹੋਵੇ । ਜੇਕਰ ਇਸ ਜ਼ਮਾਨੇ ਦੇ ਇੰਨਕਾਰ ਕਰਨ ਵਾਲੇ ਮੇਰੇ ਨਾਲ ਹਾਸੇ ਮਖੌਲ ਨਾਲ ਪੇਸ਼ ਆਉਣ ਤਾਂ ਅਫ਼ਸੋਸ ਦੀ ਥਾਂ ਨਹੀਂ । ਕਿਉਂਕਿ ਇਨ੍ਹਾਂ ਤੋਂ ਪਹਿਲਾਂ ਜਿਹੜੇ ਲੰਘੇ ਹਨ ਉਨ੍ਹਾਂ ਨੇ ਇਨ੍ਹਾਂ ਨਾਲੋਂ ਮੰਦਾ ਆਪਣੇ ਸਮੇ ਦੇ ਨਬੀਆਂ ਨਾਲ ਵਤੀਰਾ ਕੀਤਾ ਮਸੀਹ ਨਾਲ ਵੀ ਬਹੁਤ ਵਾਰ ਹਾਸਾ ਮਖੌਲ ਹੋਇਆ । ਇੱਕ ਵਾਰ ਭਰਾਵਾਂ ਨੇ ਹੀ ਜਿਹੜੇ ਇੱਕੋ ਮਾਂ ਦੇ ਢਿੱਡੋਂ ਪੈਦਾ ਹੋਏ ਸੀ ਚਾਹਿਆ ਕਿ ਇਸ ਨੂੰ ਦੀਵਾਨਾ ਦੱਸ ਕੇ ਕੈਦ ਖਾਣੇ ਵਿੱਚ ਕੈਦ ਕਰਾ ਦੇਣ । ਅਤੇ ਬੇਗਾਨੀਆਂ ਨੇ ਤਾਂ ਕਈ ਵਾਰ ਉਸ ਨੂੰ ਜਾਨੋਂ ਮਾਰਨ ਦਾ ਇਰਾਦਾ ਕੀਤਾ ਅਤੇ ਉਸ ਨੂੰ ਪੱਥਰ ਮਾਰੇ । ਅਤੇ ਬਹੁਤ ਨਿਰਾਦਰ ਦੀ ਨਜ਼ਰ ਨਾਲ ਉਸ ਦੇ ਮੂੰਹੋਂ ਥੁੱਕਿਆ । ਸਗੋਂ ਇੱਕ ਵਾਰ ਉਸ ਨੂੰ ਆਪਣੇ ਭਰਮ ਵਿੱਚ ਸਲੀਬ ਉੱਤੇ ਚਾੜ੍ਹ ਕੇ ਕਤਲ ਕਰ ਦਿੱਤਾ । ਪਰ ਕਿਉਂਕਿ ਹੱਡੀ ਨਹੀਂ ਤੋੜੀ ਸੀ ਇਸ ਲਈ ਉਹ ਇੱਕ ਚੰਗੇ ਇਮਾਨ ਅਤੇ ਨੇਕ ਆਦਮੀ ਦੀ ਮਦਦ ਨਾਲ ਬੱਚ ਗਿਆ ਅਤੇ ਜੀਵਨ ਦੇ ਬਾਕੀ ਦਿਨ ਲੰਘਾ ਕੇ ਆਕਾਸ਼ ਵੱਲ੍ਹ ਚੁੱਕਿਆ ਗਿਆ । ਮਸੀਹ ਦੇ ਸ਼ਰਧਾਲੂਆਂ ਅਤੇ ਦਿਨ ਰਾਤ ਦੇ ਦੋਸਤਾਂ ਅਤੇ ਸਾਥੀਆਂ ਨੇ ਵੀ ਠੋਕਰ ਖਾਦੀ । ਇੱਕ ਨੇ ਤੀਹ ਰੁਪਈਏ ਰਿਸ਼ਵਤ ਲੈ ਕੇ ਉਸ ਨੂੰ ਫ਼ੜ੍ਹਾ ਦਿੱਤਾ ਅਤੇ ਇੱਕ ਨੇ ਉਸ ਦੇ ਸਾਹਮਣੇ ਉਸ ਵੱਲ੍ਹ ਇਸ਼ਾਰਾ ਕਰਕੇ ਉਸ ਉੱਤੇ ਲਾਅਨਤ ਕੀਤੀ ਅਤੇ ਬਾਕੀ ਹਵਾਰੀ (ਸਾਥੀ) ਜਿਹੜੇ ਦੋਸਤੀ ਦਾ ਦਮ ਭਰਦੇ ਸੀ ਨੱਸ ਗਏ ਅਤੇ ਆਪਣੇ ਦਿਲ੍ਹ ਵਿੱਚ ਮਸੀਹ ਦੀ ਤੁਲਣਾ ਕਈ ਸ਼ੱਕ ਪੈਦਾ ਕਰ ਲਏ । ਪਰ ਕਿਉਂਕਿ ਉਹ ਸੱਚਾ ਸੀ ਇਸ ਲਈ ਰੱਬ ਨੇ ਫਿਰ ਉਸ ਦੇ ਕੰਮ ਨੂੰ ਮਰਨ ਪਿਛੋਂ ਜ਼ਿੰਦਾ ਕੀਤਾ ।

ਇੰਨਕਾਰ ਕਰਨ ਵਿੱਚ ਕਾਹਲੀ ਨਾ ਕਰੇ, ਤਾਂ ਜੋ ਰੱਬ ਨਾਲ ਲੜ੍ਹਨ ਵਾਲਾ ਨਾ ਠਹਿਰੋ । ਸੰਸਾਰ ਦੇ ਲੋਕ ਜੋ ਅੰਧਕਾਰਮਈ ਵਿਹਾਰ ਅਤੇ ਆਪਣੀਆਂ ਪੁਰਾਣੀ ਕਲਪਨਾਵਾਂ ਉੱਤੇ ਡੱਟੇ ਹੋਏ ਹਨ ਉਹ ਇਸ ਨੂੰ ਸਵੀਕਾਰ ਨਹੀਂ ਕਰਨਗੇ ਪਰ ਛੇਤੀ ਉਹ ਜ਼ਮਾਨਾ ਆਉਣ ਵਾਲਾ ਹੈ ਜੋ ਉਨ੍ਹਾਂ ਦੀ ਗ਼ਲਤੀ ਉਨ੍ਹਾਂ ਉੱਤੇ ਪ੍ਰਕਟ ਕਰ ਦੇਵੇਗਾ। " ਸੰਸਾਰ ਵਿੱਚ ਇੱਕ ਨਜ਼ੀਰ (ਡਰਾਉਣ ਵਾਲਾ) ਆਇਆ ਪਰ ਦੁਨੀਆਂ ਨੇ ਉਸ ਨੂੰ ਕਬੂਲ ਨਹੀਂ ਕੀਤਾ ਪਰ ਰੱਬ ਉਸ ਨੂੰ ਕਬੂਲ ਕਰੇਗਾ ਅਤੇ ਬਹੁਤ ਜ਼ੋਰਦਾਰ ਹਮਲਿਆਂ ਨਾਲ ਉਸ ਦੀ ਸੱਚਾਈ ਪ੍ਰਕਟ ਕਰ ਦੇਵੇਗਾ "। ਇਹ ਮਨੁੱਖ ਦੀ ਗੱਲ ਨਹੀਂ ਰੱਬ ਦੀ ਅਕਾਸ਼ਬਾਣੀ ਅਤੇ ਜਲਾਲ ਵਾਲੇ ਰੱਬ ਦਾ ਕਲਾਮ ਹੈ। ਅਤੇ ਮੈਂ ਵਿਸ਼ਵਾਸ ਰੱਖਦਾ ਹਾਂ ਕਿ ਉਨ੍ਹਾਂ ਹਮਲਿਆਂ ਦੇ ਦਿਨ ਨੇੜ੍ਹੇ ਹਨ । ਪਰ ਇਹ ਹਮਲੇ ਤਲਵਾਰ ਅਤੇ ਤੀਰ ਨਾਲ ਨਹੀਂ ਹੋਣਗੇ ਅਤੇ ਤਲਵਾਰਾਂ ਅਤੇ ਬੰਦੂਕਾਂ ਦੀ ਲੋੜ੍ਹ ਨਹੀਂ ਪਏਗੀ, ਸਗੋਂ ਰੂਹਾਨੀ ਸ਼ਸਤਰਾਂ ਨਾਲ ਰੱਬ ਦੀ ਮਦਦ ਆਏਗੀ ਅਤੇ ਯਹੂਦੀਆਂ ਨਾਲ ਸਖ਼ਤ ਲੜ੍ਹਾਈ ਹੋਵੇਗੀ । ਉਹ ਕੌਣ ਹਨ ? ਇਸ ਜ਼ਮਾਨੇ ਦੇ ਵਿਖਾਵਾ ਕਰਨ

---

ਮਸੀਹ ਦੀ ਦੂਜੀ ਜ਼ਿੰਦਗੀ ਜਿਹੜ੍ਹੀ ਈਸਾਈਆਂ ਦੇ ਅਨੁਮਾਨ ਵਿੱਚ ਜੰਮੀ ਹੋਈ ਹੈ ਵਾਸਤਵ'ਚ ਇਹ ਉਸ ਦੇ ਧਰਮ ਦੇ ਜੀਵਨ ਵੱਲ੍ਹ ਸੰਕੇਤ ਹੈ ਜਿਹੜ੍ਹਾ ਮਰਨ ਪਿਛੋਂ ਮੁੜ੍ਹ ਜ਼ਿੰਦਾ ਕੀਤਾ ਗਿਆ । ਸੋ ਰੱਬ ਨੇ ਮੈਨੂੰ ਵੀ ਖ਼ੁਸ਼ਖ਼ਬਰੀ ਦਿੱਤੀ ਕਿ ਮੌਤ ਪਿਛੋਂ ਮੈਂ ਮੁੜ੍ਹ ਤੈਨੂੰ ਜੀਵਨ ਦਿਆਂਗਾ । ਅਤੇ ਫ਼ਰਮਾਇਆ ਕਿ ਜੋ ਲੋਕ ਰੱਬ ਦੇ ਪਿਆਰੇ ਹਨ ਉਹ ਮਰਨ ਪਿਛੋਂ ਮੁੜ੍ਹ ਜ਼ਿੰਦਾ ਹੋ ਜਾਂਦੇ ਹਨ ਅਤੇ ਫ਼ਰਮਾਇਆ ਕਿ ਮੈਂ ਆਪਣੀ ਚਮਕਾਰ ਦਿਖਾਵਾਂਗਾ ਅਤੇ ਆਪਣੀ ਕੁਦਰਤ ਨਾਲ ਤੈਨੂੰ ਉਠਾਵਾਂਗਾ। ਸੋ ਮੇਰੀ ਇਸ ਦੂਜੀ ਜ਼ਿੰਦਗੀ ਦਾ ਮੱਤਲਬ ਵੀ ਮੇਰੇ ਉਦੇਸ਼ਾਂ ਦੀ ਜ਼ਿੰਦਗੀ ਹੈ ਪਰ ਘੱਟ ਹਨ ਜਿਹੜ੍ਹੇ ਇਨ੍ਹਾਂ ਭੈਦਾਂ ਨੂੰ ਸਮਝਦੇ ਹਨ ।

ਵਾਲੇ ਲੋਕ ਜਿਨ੍ਹਾਂ ਨੇ ਸਲਾਹ ਨਾਲ ਯਹੂਦੀਆਂ ਦੇ ਕਦਮ ਉੱਤੇ ਕਦਮ ਰੱਖਿਆ ਹੈ ਉਨ੍ਹਾਂ ਸਾਰੀਆਂ ਨੂੰ ਆਕਾਸ਼ੀ ਤਲਵਾਰ ਦੋ ਟੁਕੜ੍ਹੇ ਕਰੇਗੀ ਅਤੇ ਯਹੂਦੀਅਤ ਦੀ ਖ਼ਸਲਤ ਮਿਟਾ ਦਿੱਤੀ ਜਾਵੇਗੀ ਅਤੇ ਹਰ ਇੱਕ ਸੱਚ ਛੁਪਾਉਣ ਵਾਲਾ ਦੱਜਾਲ ਇੱਕ ਅੱਖ ਵਾਲਾ ਸੰਸਾਰਿਕ ਜੋ ਧਰਮ ਦੀ ਅੱਖ ਨਹੀਂ ਰੱਖਦਾ ਕੱਟਣ ਵਾਲੀ ਦਲੀਲ ਦੀ ਤਲਵਾਰ ਨਾਲ ਕਤਲ ਕੀਤਾ ਜਾਵੇਗਾ । ਅਤੇ ਸੱਚਾਈ ਦੀ ਜਿੱਤ ਹੋਵੇਗੀ ਅਤੇ ਇਸਲਾਮ ਲਈ ਫਿਰ ਉਸ ਤਾਜ਼ਗੀ ਅਤੇ ਰੌਸ਼ਨੀ ਦਾ ਦਿਨ ਆਏਗਾ ਜੋ ਪਹਿਲੇ ਸਮਿਆਂ ਵਿੱਚ ਆ ਚੁੱਕਿਆ ਹੈ ਅਤੇ ਉਹ ਸੂਰਜ ਆਪਣੇ ਪੂਰੇ ਕਮਾਲ ਨਾਲ ਫਿਰ ਚੜ੍ਹੇਗਾ ਜਿਵੇਂ ਕਿ ਪਹਿਲਾਂ ਚੜ੍ਹ ਚੁੱਕਿਆ ਹੈ। ਪਰ ਹਾਲੇ ਅਜਿਹਾ ਨਹੀਂ ਜ਼ਰੂਰੀ ਹੈ ਕਿ ਆਕਾਸ਼ ਉਸ ਨੂੰ ਚੜ੍ਹਣ ਤੋਂ ਰੋਕੇ ਰੱਖੇ ਜੱਦ ਤੱਕ ਕਿ ਮਿਹਨਤ ਅਤੇ ਲਗ਼ਨ ਨਾਲ ਸਾਡੇ ਜਿਗਰ ਖ਼ੂਨ ਨਾ ਹੋਣ ਅਤੇ ਅਸੀਂ ਸਾਰੇ ਆਰਾਮਾਂ ਨੂੰ ਉਸ ਦੇ ਪ੍ਰਕਟ ਹੋਣ ਲਈ ਨਾ ਖੋਹਣ ਅਤੇ ਇਸਲਾਮ ਦੇ ਸਨਮਾਨ ਲਈ ਸਾਰੀ ਬੇਇਜ਼ਤੀਆਂ ਸਵੀਕਾਰ ਨਾ ਕਰਨ। ਇਸਲਾਮ ਦਾ ਜ਼ਿੰਦਾ ਹੋਣਾ ਸਾਡੇ ਕੋਲੋਂ ਇੱਕ ਕੁਰਬਾਣੀ ਮੰਗਦਾ ਹੈ ਉਹ ਕੀ ਹੈ ? ਸਾਡਾ ਇਸੇ ਰਾਹ ਵਿੱਚ ਮਰਨਾ। ਇਹੋ ਮੌਤ ਹੈ ਜਿਸ ਉੱਤੇ ਇਸਲਾਮ ਦੀ ਜ਼ਿੰਦਗੀ ਮੁਸਲਮਾਨਾਂ ਦੀ ਜਿੰਦਗੀ ਅਤੇ ਜ਼ਿੰਦਾ ਰੱਬ ਦਾ ਪ੍ਰਕਟ ਹੋਣਾ ਟਿੱਕਿਆ ਹੈ ਅਤੇ ਇਹੀ ਉਹ ਚੀਜ਼ ਹੈ ਜਿਸ ਦਾ ਦੂਜੇ ਸ਼ਬਦਾਂ ਵਿੱਚ ਇਸਲਾਮ ਨਾਂ ਹੈ। ਇਸੇ ਇਸਲਾਮ ਦਾ ਜ਼ਿੰਦਾ ਕਰਨਾ ਰੱਬ ਹੁਣ ਚਾਹੁੰਦਾ ਹੈ । ਅਤੇ ਜ਼ਰੂਰੀ ਸੀ ਕਿ ਉਹ ਇਸ ਮਹਾਨ ਕਾਰਜ ਨੂੰ ਸਾਮ੍ਹਣੇ

ਲਿਆਉਣ ਲਈ ਇੱਕ ਮਹਾਨ ਉਪਰਾਲਾ ਜੋ ਹਰ ਇੱਕ ਪਹਿਲੂ ਤੋਂ ਅਸਰ ਪਾਉਣ ਵਾਲਾ ਹੋਵੇ ਆਪਣੇ ਵੱਲੋਂ ਕਰਦਾ । ਸੋ ਉਸ ਯੁਕਤੀਮਾਨ ਤੇ ਸਰਬਕਲਾ ਸਮਰਥ ਨੇ ਇਸ ਵਿਨੀਤ ਨੂੰ ਲੋਕਾਈ ਦੇ ਸੁਧਾਰ ਲਈ ਭੇਜ ਕੇ ਇੰਝ ਹੀ ਕੀਤਾ ਅਤੇ ਸੰਸਾਰ ਨੂੰ ਸੱਚਾਈ ਅਤੇ ਸਿੱਧੇ ਰਾਹ ਵੱਲ੍ਹ ਖਿੱਚਣ ਲਈ ਕਈ ਸ਼ਾਖ਼ਾਵਾਂ ਉੱਤੇ ਹੱਕ ਦੀ ਮਦਦ ਦੇ ਕੰਮ ਅਤੇ ਇਸਲਾਮ ਦੇ ਪ੍ਰਚਾਰ ਨੂੰ ਵੰਡ ਦਿੱਤਾ । ਸੋ ਉਪਰੋਕਤ ਇਨ੍ਹਾਂ ਸ਼ਾਖਾਵਾਂ ਵਿੱਚੋਂ ਇੱਕ ਸ਼ਾਖਾ ਪ੍ਰਕਾਸ਼ਨ ਅਤੇ ਪ੍ਰਕਾਸ਼ਕ ਦਾ ਸਿਲਸਿਲਾ ਹੈ ਜਿਸ ਦਾ ਪ੍ਰਬੰਧ ਇਸ ਵਿਨੀਤ ਦੇ ਹਵਾਲੇ ਕੀਤਾ ਗਿਆ । ਅਤੇ ਉਹ ਸੂਖ਼ਮ ਗਿਆਨ ਦੀ ਗੱਲਾਂ ਸਿੱਖਾਇਆਂ ਗਈਆਂ ਜਿਹੜੀਆਂ ਮਨੁੱਖ ਦੀ ਸ਼ਕਤੀ ਨਾਲ ਨਹੀਂ ਸਗੋਂ ਕੇਵਲ ਰੱਬ ਦੀ ਸ਼ਕਤੀ ਨਾਲ ਪਤਾ ਲੱਗਦੀਆਂ ਹਨ ਅਤੇ ਮਨੁੱਖੀ ਕੋਸ਼ਿਸ਼ਾਂ ਨਾਲ ਨਹੀਂ ਸਗੋਂ ਪਵਿੱਤਰ ਰੂਹਾਂ ਦੀ ਸਿੱਖਿਆ ਨਾਲ ਔਕੜ੍ਹਾ ਹੱਲ ਕੀਤੀਆਂ ਗਈਆਂ ।

ਦੂਜੀ ਸ਼ਾਖਾ ਇਸ ਕਾਰਖਾਨੇ ਦੀ ਪਰਚੇ ਜਾਰੀ ਕਰਨ ਦਾ ਸਿਲਸਿਲਾ ਹੈ ਜੋ ਰੱਬੀ ਹੁਕਮ ਅਨੁਸਾਰ ਦਲੀਲ ਪੂਰੀ ਕਰਨ ਲਈ ਜਾਰੀ ਹੈ ਅਤੇ ਹੁਣ ਤੱਕ ਵੀਹ 20 ਹਜ਼ਾਰ ਤੋਂ ਕੁੱਝ ਵੱਧ ਪਰਚੇ ਇਸਲਾਮੀ ਦਲੀਲਾਂ ਨੂੰ ਗੈਰ ਕੌਮਾਂ ਉੱਤੇ ਪੂਰਾ ਕਰਨ ਲਈ ਛੱਪ ਚੁੱਕੇ ਹਨ ਅਤੇ ਭੱਵਿਖ ਵਿੱਚ ਲੋੜ੍ਹ ਅਨੁਸਾਰ ਹਮੇਸ਼ਾ ਹੁੰਦੇ ਰਹਿਣਗੇ ।

ਤੀਜੀ ਸ਼ਾਖਾ ਇਸ ਕਾਰਖਾਨੇ ਦੀ ਵਾਰਦੀਨ ਤੇ ਸਾਦਰੀਨ (ਆਉਣ ਵਾਲੇ ਮਹਿਮਾਨਾਂ) ਅਤੇ ਹੱਕ ਦੀ ਖੋਜ ਲਈ ਸਫ਼ਰ ਕਰਨ

ਵਾਲੀਆਂ ਅਤੇ ਹੋਰ ਵੱਖ-ਵੱਖ ਉਦੇਸ਼ਾਂ ਲਈ ਆਉਣ ਵਾਲੇ ਹਨ ਜੋ ਇਸ ਆਕਾਸ਼ੀ ਕਾਰਖਾਣੇ ਦੀ ਖ਼ਬਰ ਪਾ ਕੇ ਆਪਣੀ ਨਿਯਤਾਂ ਦੀ ਹੁਲਾਰੇ ਨਾਲ ਮੁਲਾਕਾਤ ਲਈ ਆਉਂਦੇ ਰਹਿੰਦੇ ਹਨ | ਇਹ ਸ਼ਾਖਾ ਵੀ ਬਰਾਬਰ ਵੱਧ ਰਹੀ ਹੈ | ਭਾਵੇਂ ਕੁੱਝ ਦਿਨਾਂ ਵਿੱਚ ਕੁੱਝ ਘੱਟ ਪਰ ਕੁੱਝ ਦਿਨਾਂ ਵਿੱਚ ਬਹੁਤ ਤੇਜ਼ੀ ਨਾਲ ਇਸ ਦਾ ਕੰਮ ਸ਼ੁਰੂ ਹੋ ਜਾਂਦਾ ਹੈ | ਇਨ੍ਹਾਂ ਸੱਤ ਸਾਲਾਂ ਵਿੱਚ ਸੱਠ ਹਜ਼ਾਰ ਤੋਂ ਕੁੱਝ ਵੱਧ ਮਹਿਮਾਨ ਆਏ ਹੋਣਗੇ ਅਤੇ ਜੋ ਉਨ੍ਹਾਂ ਲੋਕਾਂ ਨੂੰ ਭਾਸ਼ਣਾਂ ਰਾਹੀ ਰੂਹਾਨੀ ਲਾਭ ਪਹੁੰਚਾਇਆ ਗਿਆ ਅਤੇ ਉਨ੍ਹਾਂ ਦੀ ਮੁਸ਼ਕਿਲਾਂ ਹੱਲ ਕੀਤੀਆਂ ਗਈਆਂ ਅਤੇ ਉਨ੍ਹਾਂ ਦੀ ਕਮਜ਼ੋਰੀ ਨੂੰ ਦੂਰ ਕੀਤਾ ਗਿਆ ਉਸ ਦਾ ਗਿਆਨ ਰੱਬ ਨੂੰ ਹੈ | ਪਰ ਇਸ ਵਿੱਚ ਕੁੱਝ ਸ਼ੱਕ ਨਹੀਂ ਕਿ ਇਹ ਜ਼ੁਬਾਨੀ ਭਾਸ਼ਣ ਜਿਹੜ੍ਹੇ ਸਵਾਲ ਕਰਨ ਵਾਲੀਆਂ ਦੇ ਸਵਾਲਾਂ ਦੇ ਜਵਾਬ ਵਿੱਚ ਦਿੱਤੇ ਗਏ ਜਾਂ ਦਿੱਤੇ ਜਾਂਦੇ ਹਨ ਜਾਂ ਆਪਣੇ ਵੱਲੋਂ ਮੌਕੇ ਮਹਿਲ ਅਨੁਸਾਰ ਕੁੱਝ ਬਿਆਨ ਕੀਤਾ ਜਾਂਦਾ ਹੈ ਇਹ ਤਰੀਕ ਕੁੱਝ ਸੁਰਤਾਂ ਵਿੱਚ ਸੰਪਾਦਨਾ ਦੀ ਤੁਲਣਾ ਬਹੁਤ ਲਾਭਕਾਰੀ ਅਤੇ ਅਸਰ ਕਰਨ ਵਾਲਾ ਤੇ ਛੇਤੀ ਦਿਲ੍ਹਾਂ ਵਿੱਚ ਬਹਿਣ ਵਾਲਾ ਸਾਬਤ ਹੁੰਦਾ ਹੈ | ਇਹੀ ਕਾਰਨ ਹੈ ਕਿ ਸਾਰੇ ਨਬੀ ਇਸ ਤਰੀਕੇ ਨੂੰ ਧਿਆਨ ਵਿੱਚ ਰੱਖਦੇ ਰਹੇ ਹਨ ਅਤੇ ਰੱਬੀ ਕਲਾਮ (ਕੁਰਆਨ ਸ਼ਰੀਫ਼) ਤੋਂ ਬਿਨ੍ਹਾਂ ਜੋ ਖ਼ਾਸ ਤੌਰ'ਤੇ ਸਗੋਂ ਲਿੱਖਤੀ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਬਾਕੀ ਜਿਨ੍ਹੇ ਵੀ ਗ੍ਰਥ ਹਨ ਉਹ ਆਪਣੇ ਆਪਣੇ ਮੌਕੇ ਉੱਤੇ ਭਾਸ਼ਨਾਂ ਵਾਂਗ ਪ੍ਰਚਲਿਤ ਹੁੰਦੇ ਰਹੇ ਹਨ | ਆਮ ਤਰੀਕਾ ਨਬੀਆਂ ਦਾ ਇਹੋ ਸੀ ਕਿ ਸੂਝਵਾਨ

ਭਾਸ਼ਣ ਕਰਤਾ ਵਾਂਗ ਲੋੜ੍ਹ ਅਨੁਸਾਰ ਵੱਖ-ਵੱਖ ਜਲਸਿਆਂ ਤੇ ਮਹਫਿਲਾਂ ਵਿੱਚ ਉਨ੍ਹਾਂ ਦੀ ਹਾਲਤ ਅਨੁਸਾਰ ਰੂਹ ਤੋਂ ਸ਼ਕਤੀ ਪਾ ਕੇ ਭਾਸ਼ਣ ਦਿੰਦੇ ਸਨ ਪਰ ਇਸ ਜ਼ਮਾਨੇ ਦੇ ਭਾਸ਼ਣ ਦੇਣ ਵਾਲਿਆਂ ਵਾਂਗ ਨਹੀਂ ਕਿ ਜਿਨ੍ਹਾਂ ਨੂੰ ਆਪਣੇ ਭਾਸ਼ਣ ਤੋਂ ਕੇਵਲ ਆਪਣਾ ਗਿਆਨ ਦਿਖਾਉਣਾ ਮੱਤਲਬ ਹੁੰਦਾ ਹੈ । ਜਾਂ ਇਹ ਮੱਤਲਬ ਹੁੰਦਾ ਹੈ ਕਿ ਆਪਣੀ ਛੁੱਠੀ ਗੱਲਾਂ ਤੇ ਵਹਿਮੀ ਦਲੀਲਾਂ ਨਾਲ ਕਿਸੇ ਸਾਉ ਬੰਦੇ ਨੂੰ ਆਪਣੇ ਜਾਲ ਵਿੱਚ ਫ਼ਸਾਉਣ ਅਤੇ ਫਿਰ ਆਪਣੇ ਤੋਂ ਵੱਧ ਨਰਕਯੋਗੀ ਬਣਾਉਣ ਸਗੋਂ ਨਬੀ ਬਹੁਤ ਸਾਦਗੀ ਨਾਲ ਗੱਲ ਕਰਦੇ ਅਤੇ ਜੋ ਆਪਣੇ ਦਿਲ੍ਹ ਵਿੱਚੋਂ ਨਿਕਲਦਾ ਸੀ ਉਹ ਦੂਜੀਆਂ ਦੇ ਦਿਲ੍ਹ ਵਿੱਚ ਪਾਉਂਦੇ ਸਨ । ਉਨ੍ਹਾਂ ਦੇ ਪਵਿੱਤਰ ਕਥਨ ਮੌਕੇ ਅਤੇ ਲੋੜ੍ਹ ਅਨੁਸਾਰ ਹੀ ਹੁੰਦੇ ਸਨ ਅਤੇ ਸਰੋਤੀਆਂ ਨੂੰ ਮਨੋਰੰਜਨ ਜਾਂ ਕਹਾਣੀ ਵਾਂਗ ਕੁੱਝ ਨਹੀਂ ਸੁਣਾਉਂਦੇ ਸਨ । ਸਗੋਂ ਉਨ੍ਹਾਂ ਨੂੰ ਬੀਮਾਰ ਵੇਖ ਕੇ ਅਤੇ ਵੱਖ-ਵੱਖ ਰੂਹਾਨੀ ਬਿਮਾਰੀਆਂ ਨਾਲ ਪੀਡਿਤ ਪਾ ਕੇ ਇਲਾਜ ਵੱਜੋਂ ਉਨ੍ਹਾਂ ਨੂੰ ਨਸੀਹਤਾਂ ਕਰਦੇ ਸਨ ਜਾਂ ਸੱਚੀਆਂ ਦਲੀਲਾਂ ਨਾਲ ਉਨ੍ਹਾਂ ਦੇ ਸ਼ੱਕਾਂ ਨੂੰ ਦੂਰ ਕਰਦੇ ਸਨ । ਅਤੇ ਉਨ੍ਹਾਂ ਦੀ ਵਾਰਤਾਲਾਪ ਵਿੱਚ ਸ਼ਬਦ ਥੋੜ੍ਹੇ ਅਤੇ ਅਰਥ ਬਹੁਤੇ ਹੁੰਦੇ ਸਨ। ਸੋ ਇਹੋ ਨਿਯਮ ਇਹ ਵਿਨੀਤ ਧਿਆਨ ਵਿੱਚ ਰੱਖਦਾ ਹੈ ਅਤੇ ਆਉਣ ਵਾਲੇ ਮਹਿਮਾਨਾਂ ਦੀ ਸਮਰੱਥਾ ਦੇ ਅਨੁਕੂਲ ਅਤੇ ਉਨ੍ਹਾਂ ਦੀ ਲੋੜ੍ਹਾਂ ਦੇ ਆਧਾਰ ਉੱਤੇ ਅਤੇ ਉਨ੍ਹਾਂ ਦੇ ਰੋਗਾਂ ਦੇ ਖਿਆਲ ਨਾਲ ਹਮੇਸ਼ਾ ਭਾਸ਼ਣ ਦਾ ਬੂਹਾ ਖੁੱਲ੍ਹਿਆ ਰਹਿੰਦਾ

ਹੈ।[3] ਕਿਉਂਕਿ ਬੁਰਾਈ ਨੂੰ ਨਿਸ਼ਾਨੇ ਵਾਂਗ ਵੇਖ ਕੇ ਉਸ ਦੇ ਦੂਰ ਕਰਨ ਲਈ ਜ਼ਰੂਰੀ ਨਸੀਹਤਾਂ ਦੇ ਤੀਰ ਚਲਾਉਣਾ ਅਤੇ ਵਿਗੜ੍ਹੀ ਹੋਈ

---

[3] ਇੱਥੇ ਇਹ ਅਜੀਬ ਕਿੱਸਾ ਲਿੱਖਣਯੋਗ ਹੈ ਕਿ ਇੱਕ ਵਾਰ ਮੈਨੂੰ ਅਲੀਗੜ੍ਹ ਜਾਣ ਦਾ ਸੰਯੋਗ ਹੋਇਆ ਅਤੇ ਮਾਨਸਿਕ ਥਕੇਵੇਂ ਕਰਕੇ ਜਿਸ ਦਾ ਕਾਦੀਆਂ ਵਿੱਚ ਵੀ ਕੁੱਝ ਸਮਾਂ ਪਹਿਲਾਂ ਪ੍ਰਭਾਵ ਹੋ ਚੁੱਕਿਆ ਸੀ ਮੈਂ ਇਸ ਯੋਗ ਨਹੀਂ ਸੀ ਕਿ ਬਹੁਤੀ ਗੱਲਾਂ ਅਤੇ ਕੋਈ ਮਾਨਸਿਕ ਮਿਹਨਤ ਦਾ ਕੰਮ ਕਰਦਾ ਅਤੇ ਹੁਣ ਵੀ ਮੇਰੀ ਇਹੋ ਹਾਲਤ ਹੈ ਕਿ ਮੈਂ ਬਹੁਤੀ ਗੱਲ ਕਰਨੀ ਜਾਂ ਹੱਦੋਂ ਵੱਧ ਚਿੰਤਾ ਅਤੇ ਚਿੰਤਨ ਦੀ ਸ਼ਕਤੀ ਨਹੀਂ ਰੱਖਦਾ । ਇਸ ਹਾਲਤ ਵਿੱਚ ਅਲੀਗੜ੍ਹ ਦੇ ਇੱਕ ਮੌਲਵੀ ਸਾਹਿਬ ਮੁਹੰਮਦ ਇਸਮਾਈਲ ਨਾਂ ਦੇ ਮੈਨੂੰ ਮਿਲੇ ਅਤੇ ਉਨ੍ਹਾਂ ਨੇ ਬਹੁਤ ਨਿਮਰਤਾ ਨਾਲ ਭਾਸ਼ਣ ਲਈ ਬੈਨਤੀ ਕੀਤੀ ਅਤੇ ਕਿਹਾ ਕਿ ਲੋਕੀ ਲੰਮੇ ਸਮੇਂ ਤੋਂ ਤੁਹਾਡੇ ਉਡੀਕਵਾਨ ਹਨ । ਚੰਗਾ ਹੋਵੇ ਕਿ ਸਾਰੇ ਲੋਕੀ ਇੱਕ ਮਕਾਨ ਵਿੱਚ ਜਮ੍ਹਾ ਹੋਣ ਅਤੇ ਆਪ ਕੁੱਝ ਨਸੀਹਤਾਂ ਕਰਣ । ਕਿਉਂਕਿ ਮੈਨੂੰ ਹਮੇਸ਼ਾ ਤੋਂ ਇਹੋ ਇਸ਼ਕ ਅਤੇ ਇਹੋ ਦਿਲੀ ਇੱਛਾ ਹੈ ਕਿ ਸੱਚੀ ਗੱਲਾਂ ਨੂੰ ਲੋਕਾਂ ਉੱਤੇ ਪ੍ਰਕਟ ਕਰਾਂ ਇਸ ਲਈ ਇਸ ਬੈਨਤੀ ਨੂੰ ਦਿਲੀ ਸ਼ੌਕ ਨਾਲ ਸਵੀਕਾਰ ਕੀਤਾ ਅਤੇ ਚਾਹਿਆ ਕਿ ਲੋਕਾਂ ਦੇ ਆਮ ਇਕੱਠ ਵਿੱਚ ਇਸਲਾਮ ਦੀ ਸੱਚਾਈ ਬਿਆਨ ਕਰਾਂ ਕਿ ਇਸਲਾਮ ਕੀ ਚੀਜ਼ ਹੈ ਅਤੇ ਹੁਣ ਲੋਕ ਉਸ ਨੂੰ ਕੀ ਸਮਝ ਰਹੇ ਹਨ ਅਤੇ ਮੌਲਵੀ ਸਾਹਿਬ ਨੂੰ ਕਿਹਾ ਵੀ ਗਿਆ ਕਿ ਰੱਬ ਨੇ ਚਾਹਿਆ ਤਾਂ ਇਸਲਾਮ ਦੀ ਸੱਚਾਈ ਬਿਆਨ ਕੀਤੀ ਜਾਵੇਗੀ । ਪਰ ਬਾਅਦ ਇਸ ਦੇ ਮੈਂ ਰੱਬ ਵੱਲੋਂ ਰੋਕਿਆ ਗਿਆ। ਮੈਨੂੰ ਯਕੀਨ ਹੈ ਕਿ ਕਿਉਂਕਿ ਮੇਰੀ ਸਿਹਤ ਦੀ ਹਾਲਤ ਚੰਗੀ ਨਹੀਂ ਸੀ ਇਸ ਲਈ ਰੱਬ ਨੇ ਨਾ ਚਾਹਿਆ ਕਿ ਬਹੁਤਾ ਦਿਮਾਗੀ ਕੰਮ ਕਰਕੇ ਕਿਸੇ ਸਰੀਰਕ ਮੁਸੀਬਤ ਵਿੱਚ ਪਿਆਂ ਇਸ ਲਈ ਉਸ ਨੇ ਭਾਸ਼ਣ ਕਰਨ ਤੋਂ ਮੈਨੂੰ ਰੋਕ ਦਿੱਤਾ। ਇੱਕ ਵਾਰ ਇਸ ਤੋਂ ਪਹਿਲਾਂ ਵੀ ਅਜਿਹਾ ਹੀ ਸੰਯੋਗ ਹੋਇਆ ਸੀ ਕਿ ਮੇਰੀ ਕਮਜ਼ੋਰੀ ਦੀ ਹਾਲਤ ਵਿੱਚ ਇੱਕ ਨਬੀ ਪਿਛਲੇ ਨਬੀਆਂ ਵਿੱਚੋਂ ਸੁਫ਼ਨੇ ਵਿੱਚ ਮੈਨੂੰ ਮਿਲੇ ਅਤੇ ਮੈਨੂੰ ਹਮਦਰਦੀ ਅਤੇ ਨਸੀਹਤ ਵੱਜੋਂ ਕਿਹਾ ਕਿ ਇੰਨ੍ਹੀ ਮਿਹਨਤ ਕਿਉਂ ਕਰਦੇ ਹੋ ਇਸ ਨਾਲ ਤਾਂ ਤੁਸੀਂ ਬੀਮਾਰ ਹੋ ਜਾਓਗੇ । ਸੋ ਰੱਬ ਵੱਲੋਂ ਇਹ ਇੱਕ ਰੋਕ ਸੀ ਜਿਸ ਦਾ ਮੌਲਵੀ ਸਾਹਿਬ ਦੀ ਸੈਵਾ ਵਿੱਚ ਉਜ਼ਰ ਕਰ ਦਿੱਤਾ ਗਿਆ ਅਤੇ ਇਹ ਉਜ਼ਰ ਵਾਸਤਵ ਵਿੱਚ ਹੀ ਸੱਚਾ ਸੀ । ਜਿਨ੍ਹਾਂ ਲੋਕਾਂ ਨੇ ਮੇਰੇ ਇਸ ਰੋਗ ਦੇ ਸੱਖਤ ਸੱਖਤ ਹਮਲੇ ਦੇਖੇ ਹਨ ਅਤੇ ਬਹੁਤੀਆਂ ਗੱਲਾਂ ਕਰਨ ਜਾਂ ਧਿਆਨ ਅਤੇ ਚਿੰਤਾ ਪਿਛੋਂ ਬਹੁਤ ਛੇਤੀ ਇਸ ਰੋਗ ਦਾ ਵੱਧਣਾ ਆਪਣੀ ਅੱਖਾਂ ਨਾਲ ਅਵਲੋਚਨ ਕੀਤਾ ਹੈ ਉਹ ਜੇਕਰ ਅਣਜਾਣਪੁਣੇ ਵਿੱਚ ਮੇਰੀਆਂ ਆਕਾਸ਼ਬਾਣੀਆਂ ਉੱਤੇ ਵਿਸ਼ਵਾਸ ਨਾ ਵੀ ਰੱਖਦੇ ਹੋਣ ਪਰ ਉਨ੍ਹਾਂ ਨੂੰ ਇਸ ਗੱਲ ਉੱਤੇ ਪੂਰਨ ਵਿਸ਼ਵਾਸ ਹੋਵੇਗਾ ਕਿ ਮੈਨੂੰ

---

ਸੱਚੋ-ਸੱਚੀ ਇਹੋ ਰੋਗ ਲੱਗਿਆ ਹੋਇਆ ਹੈ । ਡਾਕਟਰ ਮੁਹੰਮਦ ਹੁਸੈਨ ਖਾਂ ਸਾਹਿਬ ਜਿਹੜ੍ਹੇ ਲਾਹੌਰ ਦੇ ਆਨਰੇਰੀ ਮੈਜਿਸਟਰੇਟ ਵੀ ਹਨ ਅਤੇ ਹੁਣ ਤੱਕ ਮੇਰਾ ਇਲਾਜ ਕਰਦੇ ਹਨ ਉਨ੍ਹਾਂ ਵੱਲੋਂ ਹਮੇਸ਼ਾ ਇਹੋ ਨਸੀਹਤ ਹੈ ਕਿ ਮਾਨਸਿਕ ਮਿਹਨਤ ਤੋਂ ਬਿਮਾਰੀ ਰਹਿਣ ਤੱਕ ਬਚਣਾ ਚਾਹੀਦਾ ਹੈ ਅਤੇ ਇਹ ਡਾਕਟਰ ਸਾਹਿਬ ਮੇਰੀ ਇਸ ਹਾਲਤ ਦੇ ਪਹਿਲੇ ਗਵਾਹ ਹਨ ਅਤੇ ਮੇਰੇ ਬਹੁਤ ਸਾਰੇ ਮਿੱਤਰ ਜਿਵੇਂ ਮੇਰੇ ਭਾਈ ਮੌਲਵੀ ਹਕੀਮ ਨੂਰ-ਉੱਦ-ਦੀਨ ਸਾਹਿਬ ਹਕੀਮ ਸੂਬਾ ਜੰਮੂ ਜਿਹੜ੍ਹੇ ਹਮੇਸ਼ਾ ਮੇਰੀ ਹਮਦਰਦੀ ਵਿੱਚ ਤਨ ਮਨ ਧਨ ਨਾਲ ਰੁੱਝੇ ਹੋਏ ਹਨ ਅਤੇ ਮੁਨਸ਼ੀ ਅਬਦੁਲ ਹੱਕ ਸਾਹਿਬ ਅਕਾਉਨਟੈਂਨਟ ਜਿਹੜ੍ਹੇ ਖਾਸ ਲਾਹੌਰ ਵਿੱਚ ਰਹਿੰਦੇ ਅਤੇ ਨੌਕਰੀ ਕਰਦੇ ਹਨ ਜਿਨ੍ਹਾਂ ਨੇ ਮੇਰੀ ਇਸ ਬਿਮਾਰੀ ਦੇ ਦਿਨਾਂ ਵਿੱਚ ਸੈਵਾ ਦਾ ਉਹ ਹੱਕ ਅਦਾ ਕੀਤਾ ਜਿਸ ਦਾ ਬਿਆਨ ਮੇਰੀ ਸ਼ਕਤੀ ਤੋਂ ਬਾਹਰ ਹੈ । ਇਹ ਸਾਰੇ ਮੇਰੇ ਸੁਹਿਰਦ ਮੇਰੀ ਇਸ ਹਾਲਤ ਦੇ ਗਵਾਹ ਹਨ ਪਰ ਅਫ਼ਸੋਸ ਕਿ ਜੱਦਕਿ ਹਰ ਇੱਕ ਮੋਮਿਨ ਨੇਕ-ਨੀਤੀ ਲਈ ਨਿਯੁੱਕਤ ਹੈ ਮੌਲਵੀ ਸਾਹਿਬ ਨੇ ਮੇਰੇ ਇਸ ਉਜ਼ਰ ਨੂੰ ਨੇਕ-ਨੀਤੀ ਨਾਲ ਦਿਲ੍ਹ ਵਿੱਚ ਥਾਂ ਨਹੀਂ ਦਿੱਤੀ ਸਗੋਂ ਵੱਡੀ ਬਦ-ਨੀਤੀ ਕਰਕੇ ਝੂਠ ਉੱਤੇ ਆਸਰਾ ਕੀਤਾ । ਸੋ ਉਨ੍ਹਾਂ ਦਾ ਸਾਰਾ ਉਹ ਭਾਸ਼ਣ ਜਿਸ ਨੂੰ ਉਨ੍ਹਾਂ ਦੇ ਮਿੱਤਰ ਡਾਕਟਰ ਜਮਾਲ-ਉੱਦ-ਦੀਨ ਨੇ ਉਨ੍ਹਾਂ ਦੀ ਆਗਿਆ ਨਾਲ ਲਿੱਖ ਕੇ ਲੋਕਾਂ ਵਿੱਚ ਵੰਡਿਆ ਹੇਠਾਂ ਉਸ ਦੇ ਉੱਤਰ ਸਹਿਤ ਲਿੱਖਦਾ ਹਾਂ ।

ਉਹ-ਮੈਂ ਉਨ੍ਹਾਂ ਨੂੰ (ਅਰਥਾਤ ਇਸ ਵਿਨੀਤ ਨੂੰ ਅਲੀਗੜ੍ਹ ਵਿੱਚ) ਕਿਹਾ ਕਿ ਕੱਲ੍ਹ ਸ਼ੁੱਕਰਵਾਰ ਹੈ ਨਸੀਹਤਾਂ ਕਰਨ। ਇਸ ਦਾ ਉਨ੍ਹਾਂ ਨੇ ਬਚਨ ਵੀ ਕੀਤਾ । ਪਰ ਸਵੇਰ ਨੂੰ ਰੁੱਕਾ ਆਇਆ ਕਿ ਮੈਂ ਆਕਾਸ਼ਬਾਣੀ ਰਾਹੀਂ ਨਸੀਹਤਾਂ ਕਰਨ ਤੋਂ ਰੋਕਿਆ ਗਿਆ ਹਾਂ । ਮੇਰਾ ਖ਼ਿਆਲ ਹੈ ਕਿ ਅਯੋਗਤਾ ਤੇ ਡਰ ਕਰਕੇ ਇੰਨਕਾਰ ਕਰ ਦਿੱਤਾ ।

ਮੈਂ-ਮੌਲਵੀ ਸਾਹਿਬ ਦਾ ਇਹ ਖ਼ਿਆਲ ਬਦ-ਨੀਤੀ ਤੋਂ ਬਿਨ੍ਹਾਂ ਜਿਹੜ੍ਹੀ ਸੱਖ਼ਤ ਸ਼ਰਈ ਮਨਾਹੀ ਵਿੱਚੋਂ ਹੈ ਤੇ ਚੰਗੇ ਬੰਦੀਆਂ ਦਾ ਕੰਮ ਨਹੀਂ ਹੋਰ ਕੋਈ ਅਸਲੀਅਤ ਤੇ ਹਕੀਕਤ ਨਹੀਂ ਰੱਖਦਾ । ਜੇਕਰ ਮੈਂ ਕੇਵਲ ਅਲੀਗੜ੍ਹ ਵਿੱਚ ਆ ਕੇ ਖਾਸ ਇਸੇ ਮੌਕੇ ਉੱਤੇ ਆਕਾਸ਼ਬਾਣੀ ਦਾ ਦਿਖਾਵਾ ਕਰਨ ਵਾਲਾ ਬਣਦਾ ਤਾਂ ਬੇਸ਼ੱਕ ਬਦ-ਨੀਤੀ ਕਰਨ ਲਈ ਇੱਕ ਕਾਰਨ ਹੋ ਸਕਦਾ ਸੀ ਅਤੇ ਬੇਸ਼ੱਕ ਖ਼ਿਆਲ ਕੀਤਾ ਜਾ ਸਕਦਾ ਸੀ ਕਿ ਮੈਂ ਮੌਲਵੀ ਸਾਹਿਬ ਦੇ ਇਲਮੀ ਸਥਾਨ ਦੀ ਚਮਕ ਵੇਖ ਕੇ ਅਤੇ ਉਨ੍ਹਾਂ ਦੇ ਕਮਾਲਾਂ ਦੀ ਮਹਾਨਤਾ ਅਤੇ ਖ਼ੌਫ਼ ਤੋਂ ਪ੍ਰਭਾਵਿਤ ਹੋ ਕੇ ਘਬਰਾ ਗਿਆ ਅਤੇ ਉਜ਼ਰ ਪੈਸ਼ ਕਰਨ ਅਤੇ ਇੱਕ ਤਰਕੀਬ ਲੱਭਣ ਨਾਲ ਆਪਣਾ ਪਿੱਛਾ ਛੁਡਾਇਆ । ਪਰ ਮੈਂ ਤਾਂ ਇਸ ਆਕਾਸ਼ਬਾਣੀ ਦੇ ਦਾਅਵੇ ਨੂੰ ਅਲੀਗੜ੍ਹ ਦੇ ਸਫ਼ਰ ਤੋਂ ਛੇ ਸੱਤ ਸਾਲ ਪਹਿਲਾਂ ਸਾਰੇ ਦੇਸ਼ ਵਿੱਚ ਪ੍ਰਕਾਸ਼ਿਤ ਕਰ

ਚੁੱਕਿਆਂ ਹਾਂ ਅਤੇ ਬਰਾਹੀਨੇ ਅਹਮਦੀਆ ਦੀਆਂ ਬਥੇਰੀਆਂ ਥਾਵਾਂ ਉਸ ਨਾਲ ਭਰੀਆਂ ਹਨ। ਜੇਕਰ ਮੈਂ ਨਸੀਹਤਾਂ ਕਰਨ ਤੋਂ ਡਰਦਾ ਤਾਂ ਉਹ ਕਿਤਾਬਾਂ ਜਿਹੜੀਆਂ ਮੇਰੇ ਵੱਲੋਂ ਨਸੀਹਤਾਂ ਵੱਜੋਂ ਭਰੀ ਸਭਾ ਵਿੱਚ ਅਤੇ ਆਪਣੀਆਂ ਤੇ ਵਿਰੋਧੀਆਂ ਦੇ ਹਜ਼ਾਰਾਂ ਦੇ ਇੱਕਠ ਵਿੱਚ ਲਿੱਖ ਕੇ ਪ੍ਰਕਾਸ਼ਿਤ ਹੋਈਆਂ ਹਨ ਜਿਵੇਂ ਸੁਰਮਾ ਚਸ਼ਮ ਆਰੀਆ ਉਹ ਕਿਵੇਂ ਮੇਰੀ ਬੋਲ੍ਹਣ ਦੀ ਅਜਿਹੀ ਕਮਜ਼ੋਰ ਸ਼ਕਤੀ ਤੋਂ ਨਿਕਲ ਸਕਦੀਆਂ ਸਨ ਅਤੇ ਕਿਵੇਂ ਮੇਰਾ ਇਹ ਸ਼ਾਨਦਾਰ ਸਿਲਸਿਲਾ ਜ਼ੁਬਾਨੀ ਨਸੀਹਤਾਂ ਦਾ ਜਿਸ ਵਿੱਚ ਹਜ਼ਾਰਾਂ ਵੱਖੋ ਵੱਖਰੇ ਸੁਭਾਅ ਅਤੇ ਸਮਰੱਥਾ ਦੇ ਬੰਦੀਆਂ ਨਾਲ ਹਮੇਸ਼ਾ ਦਿਮਾਗ ਖਪਾਉਣਾ ਪੈਂਦਾ ਹੈ ਅੱਜ ਤੱਕ ਚੱਲ੍ਹ ਸਕਦਾ। ਅਫ਼ਸੋਸ ਹਜ਼ਾਰ ਅਫ਼ਸੋਸ ਇਸ ਜ਼ਮਾਨੇ ਦੇ ਬਥੇਰੇ ਮੌਲਵੀਆਂ ਉੱਤੇ ਕਿ ਈਰਖਾ ਦੀ ਅੱਗ ਅੰਦਰ ਹੀ ਅੰਦਰ ਉਨ੍ਹਾਂ ਨੂੰ ਖਾ ਗਈ ਹੈ। ਲੋਕਾਂ ਨੂੰ ਤਾਂ ਈਮਾਨੀ ਖ਼ੁਬੀਆਂ ਅਤੇ ਭਾਈਚਾਰੇ ਵਾਲੇ ਵਤੀਰੇ ਅਤੇ ਆਪਸੀ ਨੇਕ ਨੀਤੀ ਦਾ ਹਮੇਸ਼ਾ ਸਬਕ ਦਿੰਦੇ ਹਨ ਅਤੇ ਮੈਂਬਰਾਂ ਉੱਤੇ ਚੜ੍ਹ ਕੇ ਇਸ ਬਾਰੇ ਰੱਬੀ ਕਲਾਮ ਦੀ ਆਇਤਾਂ ਸੁਣਾਉਂਦੇ ਹਨ ਪਰ ਆਪ ਇਨ੍ਹਾਂ ਆਦੇਸ਼ਾਂ ਨੂੰ ਹੱਥ ਵੀ ਨਹੀਂ ਲਾਉਂਦੇ। ਹੇ ਹਜ਼ਰਤ ਰੱਬ ਆਪ ਦੀ ਅੱਖਾਂ ਖੋਲ੍ਹੇ। ਕੀ ਇਹ ਸੰਭਵ ਨਹੀਂ ਕਿ ਰੱਬ ਆਪਣੇ ਕਿਸੇ ਅਧਿਆਕਮਿਕ ਬੰਦੇ ਨੂੰ ਕਿਸੇ ਕਾਰਨ ਕਰਕੇ, ਇੱਕ ਕੰਮ ਕਰਨ ਤੋਂ ਰੋਕ ਦੇਵੇ ਅਤੇ ਸ਼ਾਇਦ ਇਸ ਰੋਕ ਦਾ ਦੂਜਾ ਕਾਰਨ ਇਹ ਵੀ ਹੋਵੇਗਾ ਕਿ ਤਾਂ ਆਪ ਦੇ ਅੰਦਰੂਨੀ ਗੁਣਾਂ ਦੀ ਜਾਂਚ ਹੋ ਜਾਵੇ। ਅਤੇ ਜੋ ਲੋਕ ਆਪ ਵਰਗੇ ਅਤੇ ਆਪ ਦੇ ਸਾਥੀ ਹਨ ਉਨ੍ਹਾਂ ਦਾ ਗੰਦਾ ਮਾਦਾ ਵੀ ਇਸ ਤਰੀਕ ਨਾਲ ਬਾਹਰ ਨਿਕਲ ਆਏ। ਰਹੀ ਇਹ ਗੱਲ ਕਿ ਆਪ ਦੀ ਗਿਆਨ ਰੂਪੀ ਮਹਾਨਤਾ ਤੇ ਖ਼ੌਫ਼ ਤੋਂ ਮੈਂ ਡਰ ਗਿਆ ਤਾਂ ਇਸ ਦੇ ਜਵਾਬ ਵਿੱਚ ਆਪ ਨਿਸ਼ਚਿਤ ਤੌਰ ਉੱਤੇ ਸਮਝਣ ਕਿ ਜੋ ਲੋਕ ਹਨ੍ਹੇਰੇ ਅਤੇ ਮਾਨਸਿਕ ਅੰਧਕਾਰ ਵਿੱਚ ਫ਼ਸੇ ਹਨ ਜੇਕਰ ਉਹ ਦੁਨੀਆਂ ਦੇ ਸਾਰੇ ਦਰਸਨ ਤੇ ਕੁਦਰਤ ਦੇ ਵਿਆਪਕ ਵੀ ਹਨ ਤੱਦ ਵੀ ਮੇਰੀ ਨਜ਼ਰ ਵਿੱਚ ਇੱਕ ਮੋਏ ਕੀੜ੍ਹੇ ਤੋਂ ਵੱਧ ਮਹੱਤਵ ਨਹੀਂ। ਪਰ ਆਪ ਇੰਨ੍ਹੇ ਵੀ ਗਿਆਨੀ ਨਹੀਂ। ਕੇਵਲ ਪੁਰਾਣੇ ਵਿਚਾਰਾਂ ਦੇ ਇੱਕ ਖੁਸ਼ਕ ਮੁੱਲ੍ਹਾ ਹਨ ਅਤੇ ਉਹੀ ਕਮੀਨਗੀ ਜਿਹੜੀ ਹਨ੍ਹੇਰ ਖਿਆਲ ਮੁੱਲ੍ਹਾਵਾਂ ਵਿੱਚ ਹੋਇਆ ਕਰਦੀ ਹੈ ਤੁਹਾਡੇ ਅੰਦਰ ਮੌਜੂਦ ਹੈ। ਅਤੇ ਆਪ ਨੂੰ ਯਾਦ ਰਹੇ ਕਿ ਬਥੇਰੇ ਮੇਰੇ ਕੋਲ੍ਹ ਅਜਿਹੇ ਖੋਜਕਾਰ ਅਤੇ ਸੰਪੂਰਨ ਕਲਾਵਾਂ ਵਾਲੇ ਅਤੇ ਵਿਆਪਕ ਜਾਣਕਾਰੀ ਰੱਖਣ ਵਾਲੇ ਆਉਂਦੇ ਅਤੇ ਗਿਆਨ ਦੇ ਭੇਦਾਂ ਤੋਂ ਲਾਭ ਚੁੱਕਦੇ ਰਹਿੰਦੇ ਹਨ ਕਿ ਜੇਕਰ ਮੈਂ ਉਨ੍ਹਾਂ ਦੇ ਮੁਕਾਬਲੇ ਉੱਤੇ ਆਪ ਨੂੰ ਸਕੂਲ ਦਾ ਬੱਚਾ ਵੀ ਕਹਾਂ ਤਾਂ ਇਨ੍ਹੇ ਕਲਮੇ ਨਾਲ ਵੀ ਆਪ ਨੂੰ ਉਹ ਇੱਜ਼ਤ ਦਿਆਂਗਾ ਜਿਸ ਦੇ ਆਪ ਯੋਗ ਨਹੀਂ।

ਹੁਣ ਵੀ ਜੇਕਰ ਤੁਹਾਡੇ ਭਰਮ ਦੂਰ ਹੋਣ ਵਿੱਚ ਨਾ ਆਉਣ ਅਤੇ ਬਦ-ਨੀਤੀ ਦੀਆਂ ਭਾਵਨਾਵਾਂ ਘੱਟ ਨਾ ਹੋਣ ਤਾਂ ਫਿਰ ਮੈਂ ਰੱਬ ਦੀ ਮਦਦ ਅਤੇ ਮਿਹਰ ਨਾਲ ਤੁਹਾਡੇ ਮੁਕਾਬਲੇ ਉੱਤੇ ਨਸੀਹਤਾਂ ਕਰਨ ਨੂੰ ਵੀ ਹਾਜ਼ਰ ਹਾਂ । ਮੈਂ ਹੁਣ ਬਿਮਾਰੀ ਕਰਕੇ ਕੋਈ ਦੂਰ ਦਰਾਡੇ ਦਾ ਸਫ਼ਰ ਤਾਂ ਨਹੀਂ ਕਰ ਸਕਦਾ । ਪਰ ਜੇਕਰ ਆਪ ਤਿਆਰ ਹੋਣ ਤਾਂ ਆਪਣੇ ਕਿਰਾਏ ਉੱਤੇ ਲਾਹੌਰ ਜਿਵੇਂ ਪੰਜਾਬ ਦੀ ਰਾਜਧਾਨੀ ਵਿੱਚ ਤੁਹਾਨੂੰ ਇਸ ਕੰਮ ਅਤੇ ਇਸ ਪ੍ਰੀਖਿਆ ਲਈ ਕਸ਼ਟ ਦੇ ਸਕਦਾ ਹਾਂ ਅਤੇ ਇਹ ਬਚਨ,ਪੱਕੇ ਬਚਨ ਨਾਲ ਕਰਦਾ ਹਾਂ ਅਤੇ ਤੁਹਾਡੇ ਜਵਾਬ ਦਾ ਉਡੀਕਵਾਨ ਹਾਂ ।

ਉਹ-ਇਹ ਮਨੁੱਖ ਕੇਵਲ ਨਿਕੰਮਾ ਹੈ ਇਲਮੀ ਗੁਣ ਨਹੀਂ ਰੱਖਦਾ ।

ਮੈਂ-ਹੇ ਹਜ਼ਰਤ ਮੈਨੂੰ ਦੁਨੀਆਂ ਦੀ ਕਿਸੇ ਹਿਕਮਤ ਤੇ ਸਿਆਣਪ ਦਾ ਦਾਅਵਾ ਨਹੀਂ । ਇਸ ਸੰਸਾਰ ਦੀ ਸਿਆਣਪ ਅਤੇ ਚਲਾਕੀਆਂ ਦਾ ਮੈਂ ਕੀ ਕਰਾਂ ਕਿ ਉਹ ਆਤਮਾ ਨੂੰ ਰੌਸ਼ਨ ਨਹੀਂ ਕਰ ਸਕਦੀਆਂ ਅੰਦਰੂਨੀ ਗੰਦਗੀਆਂ ਨੂੰ ਉਹ ਧੋ ਨਹੀਂ ਸਕਦੀਆਂ । ਨਰਮੀ ਅਤੇ ਨਿਮਰਤਾ ਨੂੰ ਪੈਦਾ ਨਹੀਂ ਕਰ ਸਕਦੀਆਂ ਸਗੋਂ ਜ਼ੰਗ ਤੇ ਜ਼ੰਗ ਚਾੜ੍ਹਦੀਆਂ ਅਤੇ ਕੁਫ਼ਰ ਉੱਤੇ ਕੁਫ਼ਰ ਵਧਾਉਂਦੀਆਂ ਹਨ । ਮੇਰੇ ਲਈ ਇਹ ਬਸ ਹੈ ਕਿ ਰੱਬੀ ਮਿਹਰ ਨੇ ਮੇਰਾ ਹੱਥ ਫੜ੍ਹੀਆ ਅਤੇ ਉਹ ਗਿਆਨ ਬਖਸ਼ਾ ਕਿ ਮਦਰਸੀਆਂ ਵਿੱਚੋਂ ਨਹੀਂ ਸਗੋਂ ਆਕਾਸ਼ੀ ਅਧਿਆਪਕਾਂ ਤੋਂ ਮਿਲਦਾ ਹੈ । ਜੇਕਰ ਮੈਨੂੰ ਉੱਮੀ (ਅਣਪੜ੍ਹ-ਅਨੁਵਾਦਕ) ਕਿਹਾ ਜਾਵੇ ਤਾਂ ਇਸ ਵਿੱਚ ਮੇਰੀ ਸ਼ਾਨ ਦੀ ਕੀ ਘਾਟ ਹੈ ਸਗੋਂ ਮਾਣ ਦੀ ਗੱਲ । ਕਿਉਂਕਿ ਮੇਰਾ ਅਤੇ ਸਾਰੀ ਲੋਕਾਈ ਦਾ ਆਗੂ ਜਿਹੜ੍ਹਾ ਆਮ ਜਨਤਾ ਦੇ ਸੁਧਾਰ ਲਈ ਭੇਜਿਆ ਗਿਆ ਉਹ ਵੀ ਉੱਮੀ ਹੀ ਸੀ । ਮੈਂ ਉਸ ਸਿਰ ਨੂੰ ਕਦੇ ਕਦਰ ਦੇ ਯੋਗ ਨਹੀਂ ਸਮਝਾਂਗਾ ਜਿਸ ਵਿੱਚ ਗਿਆਨ ਦਾ ਘਮੰਡ ਹੈ ਪਰ ਉਸ ਦਾ ਅੰਦਰ ਬਾਹਰ ਹਨ੍ਹੇਰ ਨਾਲ ਭਰਿਆ ਹੋਇਆ ਹੈ । ਕੁਰਆਨ ਸ਼ਰੀਫ ਨੂੰ ਖੋਲ੍ਹ ਕੇ ਖੋਤੇ ਦੀ ਮਿਸਾਲ ਉੱਤੇ ਵਿਚਾਰ ਕਰੋ ਕੀ ਇਹ ਕਾਫ਼ੀ ਨਹੀਂ?

ਉਹ-ਮੈਂ ਇਲਹਾਮ ਬਾਰੇ ਉਸ ਨੂੰ ਕੁੱਝ ਸਵਾਲ ਕੀਤੇ ਕੁੱਝ ਬੇਅਰਥ ਜਵਾਬ ਦੇ ਕੇ ਚੁਪੀ ਧਾਰ ਲਈ

ਮੈਂ-ਮੈਨੂੰ ਯਾਦ ਹੈ ਕਿ ਬਹੁਤ ਅਰਥਪੂਰਵਕ ਜਵਾਬ ਦਿੱਤਾ ਗਿਆ ਸੀ ਅਤੇ ਅਜਿਹੇ ਵਿਅਕਤੀ ਲਈ ਕਿ ਜਿਹੜ੍ਹਾ ਕੁੱਝ ਕੋ ਅਕਲ ਅਤੇ ਇੰਨਸਾਫ ਰੱਖਦਾ ਹੋਵੇ ਕਾਫ਼ੀ ਸੀ । ਪਰ ਤੁਸੀਂ ਨਹੀਂ ਸਮਝਿਆ ਇਸ ਵਿੱਚ ਕਿਸ ਦਾ ਪਰਦਾ ਉੱਠਦਾ ਹੈ ਤੁਹਾਡਾ ਜਾਂ ਕਿਸੇ ਹੋਰ ਦਾ । ਉਹੀ ਸਵਾਲ ਕਿਸੇ ਅਖ਼ਬਾਰ ਵਿੱਚ ਛਾਪੋ ਅਤੇ ਫਿਰ ਆਪਣੀ ਸਿਆਣਪ ਦੀ ਪ੍ਰਖ ਕਰੋ ।

ਉਹ-ਕਦੇ ਵੀ ਵਿਸ਼ਵਾਸ ਨਹੀ ਹੋ ਸਕਤਾ ਕਿ ਅਜਿਹੀ ਸ਼ਾਨਦਾਰ ਲਿੱਖਤਾਂ ਦੇ ਇਹੋ ਹਜ਼ਰਤ ਲੇਖਕ ਹਨ ।

ਮੈਂ-ਤੁਸੀਂ ਕੀ ਵਿਸ਼ਵਾਸ ਕਰਨਾ ਇਹ ਵਿਸ਼ਵਾਸ ਤਾਂ ਉਨ੍ਹਾਂ ਕੁਫ਼ਾਰ ਦੇ ਹਿੱਸੇ ਵੀ ਨਹੀਂ ਆਇਆ ਜਿਨ੍ਹਾਂ ਨੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲਮ ਨੂੰ ਆਪਣੀ ਅੱਖਾਂ ਨਾਲ ਵੇਖਿਆ ਸੀ ਅਤੇ ਅਕਲਾਂ ਉੱਤੇ ਪਰਦਾ ਹੋਣ ਕਰਕੇ ਪੈਗੰਬਰ ਦੇ ਕਮਾਲ ਉਨ੍ਹਾਂ ਉੱਤੇ ਪ੍ਰਕਟ ਨਹੀਂ ਹੋ ਸਕੇ ਅਤੇ ਇਹੋ ਕਹਿੰਦੇ ਰਹੇ ਕਿ ਇਹ ਸਪਸ਼ਟ ਸ਼ਬਦ ਜਿਹੜ੍ਹੇ ਇਸ ਦੇ ਮੂੰਹੋਂ ਨਿਕਲਦੇ ਹਨ ਅਤੇ ਇਹ ਕੁਰਆਨ ਜੋ ਲੋਕਾਂ ਨੂੰ ਸੁਣਾਇਆ ਜਾਂਦਾ ਹੈ ਇਹ ਸਾਰੀ ਸਤਰਾਂ ਵਾਸਤਵ'ਚ ਕੁੱਝ ਹੋਰ ਲੋਕਾਂ ਦੇ ਸੰਗ੍ਰਹਿ ਹਨ । ਜਿਹੜ੍ਹੇ ਓਹਲੇ ਰਹਿ ਕੇ ਸਵੇਰ-ਸ਼ਾਮ ਉਸ ਨੂੰ ਸਿਖਾਏ ਜਾਂਦੇ ਹਨ ਅਤੇ ਇੱਕ ਤਰ੍ਹਾਂ ਨਾਲ ਉਨ੍ਹਾਂ ਕਾਫ਼ਰਾਂ ਨੇ ਵੀ ਸੱਚ ਕਿਹਾ ਅਤੇ ਮੌਲਵੀ ਸਾਹਿਬ ਦੇ ਮੂੰਹੋਂ ਵੀ ਸੱਚ ਹੀ ਨਿਕਲੀਆ ਕਿਉਂਕਿ ਬੇਸ਼ੱਕ ਕੁਰਆਨ ਸ਼ਰੀਫ ਦਾ ਕਲਾਮ ਪੂਰਨਤਾ ਅਤੇ ਹਿਕਮਤ ਵਿੱਚ ਆਂਹਜ਼ਰਤ ਦੀ ਮਾਨਸਿਕ ਸ਼ਕਤੀ ਤੋਂ ਬਹੁਤ ਉੱਚਾ ਸਗੋਂ ਸਾਰੀ ਮਖ਼ਲੂਕ ਦੀ ਸ਼ਕਤੀ ਨਾਲੋਂ ਬਹੁਤ ਉੱਚ ਹੈ ਅਤੇ ਇਹ ਕਲਾਮ ਸਰਬ ਜਾਣਕਾਰ ਤੇ ਸਰਬ ਸ਼ਕਤੀਮਾਨ ਤੋਂ ਬਿਨ੍ਹਾਂ ਕਿਸੇ ਹੋਰ ਤੋਂ ਨਹੀਂ ਬਣ ਸਕਦਾ । ਇੰਝ ਹੀ ਉਹ ਕਿਤਾਬਾਂ ਜਿਹੜ੍ਹੀਆਂ ਇਸ ਵਿਨੀਤ ਨੇ ਰੱਚ ਕੇ ਪ੍ਰਕਾਸ਼ਿਤ ਕੀਤੀਆਂ ਹਨ ਵਾਸਤਵ'ਚ ਇਹ ਸਾਰਾ ਅਲੌਕਿਕ ਮਦਦ ਦਾ ਨਤੀਜਾ ਹੈ ਅਤੇ ਇਸ ਵਿਨੀਤ ਦੀ ਸਮਰਥਾ ਅਤੇ ਯੋਗਤਾ ਤੋਂ ਵੱਧ ਕੇ ਅਤੇ ਸ਼ੁੱਕਰ ਦਾ ਸਥਾਨ ਹੈ ਕਿ ਮੌਲਵੀ ਸਾਹਿਬ ਦੀ ਇਸ ਆਲੋਚਨਾ ਨਾਲ ਇੱਕ ਭਵਿੱਖਬਾਣੀ ਵੀ ਜਿਹੜ੍ਹੀ ਬਰਾਹੀਨ ਅਹਮਦੀਆ ਵਿੱਚ ਦਰਜ ਹੈ ਪੂਰੀ ਹੋ ਗਈ ਕਿ ਕੁੱਝ ਲੋਕ ਇਸ ਰਚਨਾ ਨੂੰ ਪੜ੍ਹ ਕੇ ਕਹਿਣਗੇ ਕਿ ਇਹ ਕਿਤਾਬ ਇਸ ਬੰਦੇ ਦੀ ਰਚਨਾ ਨਹੀਂ بل اعانہ علیہ قومٌ اٰخرون (ਬਲ ਇਆਨੁਹੁ ਅਲੈਹਿ ਕੋਮੂੰ ਆਖ਼ਰੂਨ ਅਰਥਾਤ ਸਗੋਂ ਹੋਰ ਲੋਕਾਂ ਨੇ ਇਸ ਕੰਮ ਵਿੱਚ ਇਸ ਦੀ ਮਦਦ ਕੀਤੀ ਹੈ-ਅਨੁਵਾਦਕ)(ਵੇਖੋ ਬਰਾਹੀਨੇ ਅਹਮਦੀਆ ਦਾ ਪੰਨਾ 239)

ਉਹ-ਸੱਯਦ ਅਹਿਮਦ ਅਰਬ ਜਿਨ੍ਹਾਂ ਨੂੰ ਮੈਂ ਭਰੋਸੇਯੋਗ ਜਾਣਦਾ ਹਾਂ ਉਹ ਮੇਰੇ ਸਮੁੱਖ ਬਿਆਨ ਕਰਦੇ ਹਨ ਕਿ ਮੈਂ ਦੋ ਮਹੀਨੇ ਤੱਕ ਉਨ੍ਹਾਂ ਕੋਲ੍ਹ ਉਨ੍ਹਾਂ ਦੇ ਖ਼ਾਸ ਅਨੁਯਾਈਆਂ ਵਿੱਚ ਰਿਹਾ ਅਤੇ ਸਮੇਂ ਸਮੇਂ ਤੇ ਖੋਜ ਤੇ ਪ੍ਰੀਖਿਆ ਦੀ ਨਜ਼ਰ ਨਾਲ ਹਰ ਇੱਕ ਖਾਸ ਸਮੇਂ ਉੱਤੇ ਮੌਜੂਦ ਰਹਿ ਕੇ ਜਾਂਚਿਆ ਤਾਂ ਪਤਾ ਚਲਿਆ ਕਿ ਵਾਸਤਵ'ਚ ਉਨ੍ਹਾਂ ਕੋਲ੍ਹ ਜੋਤਸ਼ੀ ਦੇ ਸੰਦ ਮੌਜੂਦ ਹਨ ਉਹ ਉਨ੍ਹਾਂ ਤੋਂ ਕੰਮ ਲੈਂਦੇ ਹਨ ।

ਮੈਂ-تَعَالَوْا نَدْعُ أَبْنَاءَنَا وَأَبْنَاءَكُمْ وَنِسَاءَنَا وَنِسَاءَكُمْ وَأَنْفُسَنَا وَأَنْفُسَكُمْ ثُمَّ نَبْتَهِلْ فَنَجْعَلْ لَعْنَةَ اللَّهِ عَلَى الْكَاذِبِينَ (ਅਨੁਵਾਦ-ਆਓ ! ਅਸੀਂ ਆਪਣੇ ਪੁੱਤਰਾਂ ਨੂੰ ਸੱਦਦੇ ਹਾਂ ਤੇ ਤੁਸੀਂ ਆਪਣੇ ਪੁੱਤਰਾਂ ਨੂੰ ਸੱਦੋ । ਅਸੀਂ ਆਪਣੀਆਂ ਔਰਤਾਂ ਨੂੰ (ਸੱਦਦੇ ਹਾਂ) ਤੁਸੀਂ ਆਪਣੀਆਂ ਔਰਤਾਂ ਨੂੰ ਸੱਦੋ । ਅਸੀਂ ਆਪ ਵੀ ਆਉਂਦੇ ਹਾਂ ਤੇ ਤੁਸੀਂ ਵੀ ਆ ਆਓ ! ਫਿਰ ਅਸੀ (ਸਾਰੇ ਹੀ ਰਲ ਕੇ ਰੱਬ ਅੱਗੇ) ਵੱਡੀ ਨਿਮਰਤਾ ਨਾਲ ਇਹ ਅਰਜੋਈ ਕਰੀਏ ਤੇ ਝੂਠਿਆਂ ਉੱਤੇ ਰੱਬ ਦੀ ਲਾਹਨਤ ਪਾਈਏ-ਆਲੇ ਇਮਰਾਨ:62-

---

ਅਨੁਵਾਦਕ) ਮੇਰੇ ਵੱਲੋਂ ਵਾਸਤਵ'ਚ ਇਹੋ ਜਵਾਬ ਹੈ ਜਿਹੜ੍ਹਾਂ ਮੈਂ ਰੱਬੀ ਆਇਤਾਂ ਰਾਹੀਂ ਲਿੱਖ ਦਿੱਤਾ ਅਤੇ ਮੈਨੂੰ ਬਿਲਕੁੱਲ ਵੀ ਯਾਦ ਨਹੀਂ ਕਿ ਉਹ ਸੱਯਦ ਅਹਿਮਦ ਸਾਹਿਬ ਕਿਹੜ੍ਹੇ ਬੁਜ਼ੁਰਗ ਸਨ ਕਿ ਜਿਹੜ੍ਹੇ ਦੋ ਮਹੀਨੇ ਤੱਕ ਮੇਰੇ ਕੋਲ੍ਹ ਰਹੇ । ਇਸ ਗੱਲ ਦੇ ਪ੍ਰਮਾਣ ਦਾ ਭਾਰ ਮੌਲਵੀ ਸਾਹਿਬ ਦੀ ਜ਼ਿੰਮੇਦਾਰੀ ਹੈ ਕਿ ਉਨ੍ਹਾਂ ਨੂੰ ਮੇਰੇ ਰੂਬਰੂ ਪੈਸ਼ ਕਰਨ ਤਾਂ ਪੁੱਛਿਆ ਜਾਵੇ ਕਿ ਉਨ੍ਹਾਂ ਨੇ ਕਿਹੜ੍ਹੇ ਸੰਦਾ ਦਾ ਅਵਲੋਚਨ ਕੀਤਾ ਸੀ ਅਤੇ ਜੱਦ ਕਿ ਮੈਂ ਹੁਣ ਤੱਕ ਜੀਵਿਤ ਮੌਜੂਦ ਹਾਂ ਇਸ ਹਾਲਤ ਵਿੱਚ ਮੌਲਵੀ ਸਾਹਿਬ ਦੋ ਮਹਿਨੇ ਤੱਕ ਆਪ ਹੀ ਰਹਿ ਕੇ ਵੇਖ ਲੈਣ ਕਿਸੇ ਦੂਜੇ ਅਰਬੀ ਜਾਂ ਗੈਰ ਅਰਬੀ ਨੂੰ ਵਿੱਚ ਪਾਉਣ ਦੀ ਕੀ ਲੋੜ੍ਹ ਹੈ ।

ਉਹ-ਮੈਨੂੰ ਇਲਹਾਮ ਦੀ ਸਤਰਾਂ ਉੱਤੇ ਵਿਚਾਰ ਕਰਨ ਨਾਲ ਬਿਲਕੁੱਲ ਵੀ ਵਿਸ਼ਵਾਸ ਨਹੀ ਹੁੰਦਾ ਕਿ ਉਹ ਇਲਹਾਮ ਹੈ ।

ਮੈਂ-ਉਨ੍ਹਾਂ ਲੋਕਾਂ ਨੂੰ ਵੀ ਵਿਸ਼ਵਾਸ ਨਹੀ ਆਇਆ ਸੀ ਜਿਨ੍ਹਾਂ ਦੇ ਪੱਖ ਵਿੱਚ ਰੱਬ ਕਹਿੰਦਾ{وَكَذَّبُوا بِآيَاتِنَا كِذَّابًا}(ਅਤੇ ਉਹ ਸਾਡੇ ਚਮਤਕਾਰਾਂ ਦੀ ਵੱਡੀ ਨਿੰਦਾ ਕਰਦੇ ਸਨ-ਅੰਨਬਾ:29-ਅਨੁਵਾਦਕ) ਫ਼ਿਰਓਨ ਨੂੰ ਵਿਸ਼ਵਾਸ ਨਾ ਆਇਆ । ਯਹੂਦੀਆਂ ਦੇ ਵਿਦਵਾਨਾਂ ਤੇ ਅਧਿਆਤਮਿਕ ਆਗੂਆਂ ਨੂੰ ਵਿਸ਼ਵਾਸ ਨਾ ਆਇਆ । ਅਬੂ ਜਹਲ ਅਬੂ ਲਹਬ ਨੂੰ ਵਿਸ਼ਵਾਸ ਨਾ ਆਇਆ । ਪਰ ਉਨ੍ਹਾਂ ਨੂੰ ਆਇਆ ਜਿਹੜ੍ਹੇ ਦਿਲ੍ਹ ਦੇ ਗ਼ਰੀਬ ਅਤੇ ਆਤਮਾ ਵਿੱਚ ਸ਼ੁੱਧ ਸਨ ।

| | |
|---|---|
| تانہ بخشد خدائے بخشندہ | ایں سعادت بزور بازو نیست |

ਈਂ ਸਆਦਤ ਬਜ਼ੋਰੇ ਬਾਜ਼ੂ ਨੀਸਤ          ਤਾ ਨਾ ਬਖਸ਼ਦ ਖੁਦਾਏ ਬਖਸ਼ਨਦਹ

ਅਰਥਾਤ ਇਹ ਮਾਣ ਹੱਥ ਦੀ ਤਾਕਤ ਨਾਲ ਨਹੀਂ ਪ੍ਰਾਪਤ ਹੋ ਸਕਦਾ ਜਦੋਂ ਤੱਕ ਬਖ਼ਸ਼ਣਹਾਰ ਨਾ ਬਖ਼ਸ਼ੇ          ਅਨੁਵਾਦਕ

ਉਹ-ਦਾਅਵੇਦਾਰ ਹੋਣਾ ਕਰਾਮਤਾਂ ਦੇ ਖਿਲਾਫ਼ ਹੈ ਅਤੇ ਇਹ ਕਹਿਣਾ ਕਿ ਜਿਸ ਨੂੰ ਇੰਨਕਾਰ ਹੋਵੇ ਆ ਕੇ ਵੇਖੇ ਇਹ ਗ਼ਲਤ ਦਾਅਵਾ ਹੈ ।

ਮੈਂ-ਇਹ ਗੱਲਾਂ ਮਨੁੱਖ ਵੱਲੋਂ ਨਹੀਂ ਸਗੋਂ ਉਸ ਵੱਲੋਂ ਹਨ ਜਿਸ ਨੂੰ ਹਰ ਦਾਅਵਾ ਪਹੁੰਚਦਾ ਹੈ ਫਿਰ ਕੌਣ ਸੱਚਾ ਇਨ੍ਹਾਂ ਨੂੰ ਝੂੱਠਾ ਕਹਿ ਸਕਦਾ ਹੈ । ਹਾਂ ਇਹ ਸੱਚ ਹੈ ਕਿ ਪ੍ਰਕਿਰਤੀ ਦੇ ਵਿਰੁੱਧ ਕੋਈ ਨਬੀ ਵੀ ਦਾਅਵਾ ਨਹੀਂ ਕਰ ਸਕਦਾ। ਪਰ ਕੀ ਅਜਿਹਾ ਦਾਅਵਾ ਕਿਸੇ ਨਬੀ ਜਾਂ ਰਸੂਲ ਜਾਂ ਸੁਧਾਰਕ ਰਾਹੀਂ ਰੱਬ ਵੱਲੋਂ ਵੀ ਉਚਿੱਤ ਨਹੀਂ ?

ਉਹ-ਮੈਂ ਮੁਲਾਕਾਤ ਕਰਨ ਤੋਂ ਉੱਕਾ ਹੀ ਅਵਿਸ਼ਵਾਸੀ ਹੋ ਗਿਆ ਹਾਂ ਮੇਰੀ ਰਾਏ ਵਿੱਚ ਜਿਹੜਾ ਇੱਕ ਈਸ਼ਵਰਵਾਦੀ ਉਨ੍ਹਾਂ ਨੂੰ ਮਿਲੇਗਾ ਉਨ੍ਹਾਂ ਦਾ ਸ਼ਰਧਾਲੂ ਨਹੀਂ ਰਹੇਗਾ। ਨਮਾਜ਼ ਉਨ੍ਹਾਂ ਦੀ ਆਖਰੀ ਸਮੇਂ ਹੁੰਦੀ ਹੈ ਜਮਾਅਤ ਦੇ ਪਾਬੰਦ ਨਹੀਂ।

ਮੈਂ-ਮੌਲਵੀ ਸਾਹਿਬ ਦੇ ਅਵਿਸ਼ਵਾਸੀ ਦੀ ਤਾਂ ਮੈਨੂੰ ਚਿੰਤਾ ਨਹੀਂ ਪਰ ਉਨ੍ਹਾਂ ਦੇ ਝੂਠ ਤੇ ਨਿੰਦਿਆ ਅਤੇ ਬਦ-ਨੀਤੀ ਉੱਤੇ ਬਹੁਤ ਹੈਰਾਨੀ ਹੈ। ਹੇ ਰੱਬਾ ਇਸ ਕੌਮ ਉੱਤੇ ਮਿਹਰ ਕਰ ਜਿਸ ਦੇ ਆਗੂ ਤੇ ਮਾਰਗ ਗਰਸ਼ਕ ਅਤੇ ਪ੍ਰਧਾਨ ਅਜਿਹੇ ਮੌਲਵੀ ਮੰਨੇ ਜਾਂਦੇ ਹਨ। ਹੁਣ ਪਾਠਕ ਇਸ ਇਲਜ਼ਾਮ ਉੱਤੇ ਵੀ ਵਿਚਾਰ ਕਰਨ ਜਿਹੜਾ ਮੌਲਵੀ ਸਾਹਿਬ ਦੇ ਮੂੰਹੋਂ ਦੁਸ਼ਮਨੀ ਤੇ ਈਰਖਾ ਕਰਕੇ ਨਿਕਲਿਆ ਸਪੱਸ਼ਟ ਹੈ ਕਿ ਇਹ ਵਿਨੀਤ ਕੇਵਲ ਕੁੱਝ ਦਿਨ ਤੱਕ ਅਲੀਗੜ੍ਹ ਵਿੱਚ ਇੱਕ ਯਾਤਰੀ ਵੱਜੋਂ ਰਿਹਾ ਅਤੇ ਜਿਹੜੀਆਂ ਮੁਸਾਫਰਾਂ ਲਈ ਇਸਲਾਮੀ ਸ਼ਰੀਅਤ ਨੇ ਛੁੱਟ ਦਿੱਤੀ ਹੈ ਅਤੇ ਉਨ੍ਹਾਂ ਤੋਂ ਹਮੇਸ਼ਾ ਲਈ ਭੱਜਣਾ ਨਾਸਤਿਕਤਾ ਦਾ ਇੱਕ ਤਰੀਕਾ ਮੰਨਿਆ ਜਾਂਦਾ ਹੈ। ਉਨ੍ਹਾਂ ਸਾਰੇ ਮਾਮਲਿਆਂ ਵਿੱਚ ਢਿੱਲ੍ਹ ਮੇਰੇ ਲਈ ਇੱਕ ਜ਼ਰੂਰੀ ਗੱਲ ਸੀ ਇਸ ਲਈ ਮੈਂ ਉਹੀ ਕੀਤਾ ਜੋ ਮੈਨੂੰ ਕਰਨਾ ਚਾਹੀਦਾ ਸੀ ਅਤੇ ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਮੈਂ ਉਨ੍ਹਾਂ ਕੁੱਝ ਦਿਨਾਂ ਦੇ ਪੜ੍ਹਾਆ ਦੀ ਹਾਲਤ ਵਿੱਚ ਕਈ ਵਾਰ ਨਮਾਜ਼ਾਂ ਨੂੰ ਸੁੱਨਤ ਅਨੁਸਾਰ ਜਮ੍ਹਾ ਕੀਤਾ ਹੈ ਅਤੇ ਕਈ ਵਾਰ ਮੈਂ ਜ਼ੁਹਰ ਅਤੇ ਅਸਰ ਦੀਆਂ ਦੋਵੇਂ ਨਮਾਜ਼ਾਂ ਜ਼ੁਹਰ ਦੇ ਆਖ਼ਰੀ ਸਮੇਂ ਉੱਤੇ ਇਕੱਠੀਆਂ ਕੀਤੀਆਂ ਹਨ। ਪਰ ਈਸ਼ਵਰਵਾਦੀ ਕਈ ਵਾਰ ਘਰ ਵਿੱਚ ਨਮਾਜ਼ਾਂ ਇਕੱਠੀਆਂ ਕਰਕੇ ਪੜ੍ਹਦੇ ਹਨ ਅਤੇ ਬਿਨ੍ਹਾਂ ਸਫ਼ਰ ਤੇ ਮੀਂਹ ਦੇ ਅਮਲ ਕਰਦੇ ਰਹਿੰਦੇ ਹਨ। ਮੈਂ ਉਸ ਤੋਂ ਵੀ ਇੰਨਕਾਰ ਨਹੀਂ ਕਰ ਸਕਦਾ ਕਿ ਮੈਥੋਂ ਉਨ੍ਹਾਂ ਕੁੱਝ ਦਿਨਾਂ ਵਿੱਚ ਮਸਜਿਦਾਂ ਵਿੱਚ ਹਾਜ਼ਰ ਹੋਣਾ ਨਹੀਂ ਹੋਇਆ ਪਰ ਆਪਣੀ ਬੀਮਾਰੀ ਅਤੇ ਸਫ਼ਰ ਦੀ ਹਾਲਤ ਪਿਛੋਂ ਵੀ ਬਿਲਕੁੱਲ ਵੀ ਛੱਡ ਨਹੀਂ ਦਿੱਤਾ। ਇਸੇ ਲਈ ਮੌਲਵੀ ਸਾਹਿਬ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਦੇ ਪਿੱਛੇ ਵੀ ਸ਼ੁੱਕਰਵਾਰ ਦੀ ਨਮਾਜ਼ ਪੜ੍ਹੀ ਸੀ। ਜਿਸ ਦੇ ਅਦਾ ਹੋ ਜਾਣ ਵਿੱਚ ਹੁਣ ਮੈਨੂੰ ਸ਼ੱਕ ਹੋ ਗਿਆ ਹੈ। ਇਹ ਸੱਚ ਅਤੇ ਬਿਲਕੁੱਲ ਸੱਚ ਹੈ ਕਿ ਮੈਂ ਹਮੇਸ਼ਾ ਆਪਣੇ ਸਫ਼ਰ ਦੇ ਦਿਨਾਂ ਵਿੱਚ ਮਸਜਿਦਾਂ ਵਿੱਚ ਹਾਜ਼ਰ ਹੋਣ ਨੂੰ ਪਸੰਦ ਨਹੀਂ ਕਰਦਾ ਪਰ ਰੱਬ ਮੁਆਫ਼ ਕਰੇ ਇਸ ਦਾ ਕਾਰਨ ਸੁਸਤੀ ਜਾਂ ਰੱਬੀ ਹੁਕਮ ਤੋਂ ਇੰਨਕਾਰ ਨਹੀਂ। ਸਗੋਂ ਅਸਲ ਕਾਰਨ ਇਹ ਹੈ ਕਿ ਇਸ ਜ਼ਮਾਨੇ ਵਿੱਚ ਸਾਡੇ ਦੇਸ਼ ਦੀ ਬਥੇਰੀ ਮਸਜਿਦਾਂ ਦਾ ਹਾਲ ਬਹੁਤ ਬੁਰਾ ਅਤੇ ਅਫ਼ਸੋਸ ਯੋਗ ਹੋ ਰਿਹਾ ਹੈ ਜੇਕਰ ਉਨ੍ਹਾਂ ਮਸਜਿਦਾਂ ਵਿੱਚ ਜਾ ਕੇ ਤੁਸੀਂ ਅਗਵਾਈ ਦਾ ਇਰਾਦਾ ਕੀਤਾ ਤਾਂ ਉਹ ਜਿਹੜੇ ਅਗਵਾਈ ਲਈ ਨਿਯੁੱਕਤ ਹਨ, ਉਸੇ ਸਮੇਂ ਨਾਰਾਜ਼ ਤੇ ਨੀਲ੍ਹੇ ਪੀਲ੍ਹੇ ਹੋ ਜਾਂਦੇ ਹਨ। ਅਤੇ ਜੇਕਰ ਉਨ੍ਹਾਂ ਦੇ ਪਿੱਛੇ ਨਮਾਜ਼ ਪੜ੍ਹੀ ਜਾਵੇ ਤਾਂ ਨਮਾਜ਼ ਦੇ ਅਦਾ ਹੋਣ ਵਿੱਚ ਮੈਨੂੰ ਸ਼ੱਕ ਹੈ।

ਨੈਤਿਕਤਾ ਨੂੰ, ਅਜਿਹੇ ਅੰਗ ਵਾਂਗ ਪਾ ਕੇ ਜਿਹੜ੍ਹਾ ਆਪਣੇ ਮੌਕੇ ਉੱਤੋ ਟੱਲ ਗਿਆ ਹੋਵੇ,ਆਪਣੀ ਅਸਲ ਹਾਲਤ ਤੇ ਮੌਕੇ ਉੱਤੇ ਲਿਆਉਣਾ । ਜਿਵੇਂ ਇਹ ਇਲਾਜ ਬੀਮਾਰ ਦੇ ਸਾਮ੍ਹਣੇ ਹੋਣ ਦੀ ਹਾਲਤ ਵਿੱਚ ਖਿਆਲ ਕੀਤਾ ਗਿਆ ਹੈ । ਅਤੇ ਕਿਸੇ ਹਾਲਤ ਵਿੱਚ ਪੂਰਨਤਾ ਸੰਭਵ ਨਹੀਂ । ਇਹੋ ਕਾਰਨ ਹੈ ਕਿ ਰੱਬ ਨੇ ਕਈ ਹਜ਼ਾਰ ਨਬੀ ਅਤੇ ਰਸੂਲ ਭੇਜੇ ਅਤੇ ਉਨ੍ਹਾਂ ਦੀ ਸੰਗਤ ਦਾ ਮਾਣ ਪ੍ਰਾਪਤ ਕਰਨ ਦਾ ਹੁਕਮ ਦਿੱਤਾ ਤਾਂ ਹਰ ਇੱਕ ਜ਼ਮਾਨੇ ਦੇ ਲੋਕ ਅੱਖੀਂ ਢਿੱਠੇ ਨਮੂਨਿਆਂ ਨੂੰ ਪਾ ਕੇ ਅਤੇ ਉਨ੍ਹਾਂ ਦੀ ਹਸਤੀ

---

ਕਿਉਂਕਿ ਸਾਫ਼ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਅਗਵਾਈ ਦਾ ਇੱਕ ਪੈਸ਼ਾ ਬਣਾ ਰੱਖਿਆ ਹੈ ਅਤੇ ਉਹ ਪੰਜ ਸਮੇਂ ਜਾ ਕੇ ਨਮਾਜ਼ ਨਹੀਂ ਪੜ੍ਹਦੇ ਸਗੋਂ ਇੱਕ ਦੁਕਾਨ ਹੈ ਕਿ ਇਨ੍ਹਾਂ ਸਮਿਆਂ ਵਿੱਚ ਜਾ ਕੇ ਖੋਲ੍ਹਦੇ ਹਨ । ਅਤੇ ਇਸੇ ਦੁਕਾਨ ਉੱਤੇ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਗੁਜ਼ਾਰਾ ਹੈ । ਸੋ ਇਸ ਪੈਸ਼ੇ ਤੋਂ ਹਟਾਉਣ ਅਤੇ ਕਾਯਮ ਹੋਣ ਦੀ ਹਾਲਤ ਵਿੱਚ ਮੁਕੱਦਮੀਆਂ ਤੱਕ ਗੱਲ੍ਹ ਪਹੁੰਚ ਜਾਂਦੀ ਹੈ ਅਤੇ ਮੌਲਵੀ ਸਾਹਿਬਾਨ ਅਗਵਾਈ ਦੀ ਡਿਗਰੀ ਕਰਾਉਣ ਲਈ ਅਪੀਲ ਉੱਤੇ ਅਪੀਲ ਕਰਦੇ ਫਿਰਦੇ ਹਨ । ਸੋ ਇਹ ਅਗਵਾਈ ਨਹੀਂ ਸਗੋਂ ਹਰਾਮ ਖ਼ੋਰੀ ਦਾ ਇੱਕ ਮੰਦਾ ਤਰੀਕਾ ਹੈ । ਕੀ ਤੁਸੀਂ ਵੀ ਅਜੀਹੇ ਸੰਸਾਰਿਕ ਪੈਚਾਂ ਵਿੱਚ ਫਸੇ ਹੋਏ ਨਹੀਂ । ਫਿਰ ਕਿਵੇਂ ਕੋਈ ਮਨੁੱਖ ਵੇਖ ਭਾਲ ਕੇ ਆਪਣੀ ਆਸਥਾ ਨਸ਼ਟ ਕਰੇ । ਮਸਜਿਦਾਂ ਵਿੱਚ ਮੁਨਾਫ਼ਕਾਂ ਦਾ ਜਮ੍ਹਾ ਹੋਣਾ ਜਿਹੜ੍ਹਾ ਹਦੀਸਾਂ ਵਿੱਚ ਆਖਰੀ ਜ਼ਮਾਨੇ ਦੀ ਹਾਲਤਾਂ ਬਾਰੇ ਬਿਆਨ ਕੀਤਾ ਗਿਆ ਹੈ ਉਹ ਭਵਿੱਖਬਾਣੀ ਉਨ੍ਹਾਂ ਮੁੱਲ੍ਹਾ ਸਾਹਿਬਾਨ ਬਾਰੇ ਹੀ ਹੈ ਜਿਹੜ੍ਹੇ ਮੈਂਬਰਾਂ ਉੱਤੇ ਖੜ੍ਹੇ ਹੋ ਕੇ ਜ਼ੁਬਾਨ ਨਾਲ ਕੁਰਆਨ ਸ਼ਰੀਫ਼ ਪੜ੍ਹਦੇ ਅਤੇ ਦਿਲ੍ਹ ਵਿੱਚ ਰੋਟੀਆਂ ਗਿਣਦੇ ਹਨ । ਅਤੇ ਮੈਂ ਨਹੀਂ ਜਾਣਦਾ ਕਿ ਜ਼ੁਹਰ ਅਤੇ ਅਸਰ ਜਾਂ ਮਗ਼ਰਬ ਅਤੇ ਇਸ਼ਾਅ ਨੂੰ ਸਫ਼ਰ ਦੀ ਹਾਲਤ ਵਿੱਚ ਜਮ੍ਹਾ ਕਰਨਾ ਕਦੋਂ ਤੋਂ ਮਨ੍ਹਾ ਹੋ ਗਿਆ । ਅਤੇ ਕਿਸ ਨੇ ਦੇਰ ਵਿੱਚ ਪੜ੍ਹਣ ਉੱਤੇ ਹਰਾਮ ਹੋਣ ਦਾ ਫ਼ਤਵਾ ਦਿੱਤਾ। ਇਹ ਅਜੀਬ ਗੱਲ੍ਹ ਹੈ ਕਿ ਤੁਹਾਡੇ ਨਜ਼ਦੀਕ ਆਪਣੇ ਮੋਏ ਭਰਾ ਦਾ ਮੀਟ ਖਾਣਾ ਤਾਂ ਹਲਾਲ ਹੈ ਪਰ ਸਫ਼ਰ ਵਿੱਚ ਜ਼ੁਹਰ ਅਤੇ ਅਸਰ ਨੂੰ ਇੱਕ ਥਾਂ ਪੜ੍ਹਣਾ ਬਿਲਕੁੱਲ ਹਰਾਮ اتقوا الله اَيُّها المُوَحّدون فان الموت قَرِيْب وَالله يَعْلَم مَا تكتمون-

ਨੂੰ ਰੱਬੀ ਕਲਾਮ ਅਨੁਭਵ ਕਰਕੇ ਉਨ੍ਹਾਂ ਦੀ ਪਾਲਣਾ ਲਈ ਕੋਸ਼ਿਸ਼ਾਂ ਕਰਨ ਜੇਕਰ ਸੱਚੀਆਂ ਦੀ ਸੰਗਤ ਵਿੱਚ ਰਹਿਣਾ ਧਰਮ ਦੀ ਲੋੜਵੰਦ ਗੱਲਾਂ ਵਿੱਚੋਂ ਨਾ ਹੁੰਦਾ ਤਾਂ ਰੱਬ ਆਪਣੇ ਕਲਾਮ ਨੂੰ ਨਬੀ ਰਸੂਲ ਭੇਜਣ ਤੋਂ ਬਿਨ੍ਹਾਂ ਵੀ ਹੋਰ ਰੂਪਾਂ ਵਿੱਚ ਭੇਜ ਸਕਦਾ ਸੀ ਜਾਂ ਕੇਵਲ ਸ਼ੁਰੂ ਜ਼ਮਾਨੇ ਵਿੱਚ ਹੀ ਨਬੀ ਰਸੂਲ ਭੇਜਣ ਦੇ ਕੰਮ ਨੂੰ ਸੀਮਿਤ ਰੱਖਦਾ ਅਤੇ ਅੱਗੇ ਹਮੇਸ਼ਾ ਲਈ ਨਬੀ ਰਸੂਲ ਭੇਜਣ ਤੇ ਅਕਾਸ਼ਬਾਣੀ ਦਾ ਸਿਲਸਿਲਾ ਬੰਦ ਕਰ ਦਿੰਦਾ ਪਰ ਰੱਬ ਦੀ ਸੂਖ਼ਮ ਹਿਕਮਤ ਤੇ ਸਿਆਣਪ ਨੇ ਕਦੇ ਵੀ ਅਜਿਹਾ ਮਨਜ਼ੂਰ ਨਹੀਂ ਕੀਤਾ ਅਤੇ ਲੋੜ੍ਹ ਅਨੁਸਾਰ ਅਰਥਾਤ ਜੱਦ ਕਦੇ ਰੱਬੀ ਪ੍ਰੇਮ, ਰੱਬੀ ਭਗਤੀ ਅਤੇ ਪਵਿੱਤਰਤਾ ਆਦਿ ਜ਼ਰੂਰੀ ਗੱਲਾਂ ਵਿੱਚ ਅੰਤਰ ਆਉਂਦਾ ਰਿਹਾ ਹੈ ਪਵਿੱਤਰ ਲੋਕ ਰੱਬ ਤੋਂ ਅਕਾਸ਼ਬਾਣੀ ਪਾ ਕੇ ਨਮੂਨੇ ਵੱਜੋਂ ਦੁਨੀਆਂ ਵਿੱਚ ਆਉਂਦੇ ਰਹੇ ਹਨ ਅਤੇ ਇਹ ਦੋਵੇਂ ਗੱਲਾਂ ਆਪਸ ਵਿੱਚ ਜੁੜ੍ਹੀਆਂ ਹੋਈਆਂ ਹਨ ਕਿ ਜੇਕਰ ਰੱਬ ਨੂੰ ਹਮੇਸ਼ਾ ਲਈ ਲੋਕਾਈ ਦੀ ਭਲਾਈ ਵੱਲ੍ਹ ਧਿਆਨ ਹੈ ਤਾਂ ਇਹ ਵੀ ਬਹੁਤ ਜ਼ਰੂਰੀ ਹੈ ਕਿ ਅਜਿਹੇ ਲੋਕ ਵੀ ਹਮੇਸ਼ਾ ਲਈ ਆਉਂਦੇ ਰਹਿਣ ਕਿ ਜਿਨ੍ਹਾਂ ਨੂੰ ਰੱਬ ਨੇ ਆਪਣੀ ਖਾਸ ਮਿਹਰ ਨਾਲ ਰੱਬੀ ਨਜ਼ਰ ਬਖ਼ਸ਼ੀ ਹੋਵੇ ਅਤੇ ਆਪਣੀ ਮਰਜ਼ੀ ਦੇ ਰਾਹ ਉੱਤੇ ਪੱਕਾ ਕੀਤਾ ਹੋਵੇ । ਬੇਸ਼ੱਕ ਇਹ ਗੱਲ ਯਕੀਨੀ ਅਤੇ ਪ੍ਰਮਾਣਿਤ ਗੱਲਾਂ ਵਿੱਚੋਂ ਹੈ ਕਿ ਲੋਕਾਈ ਦੇ ਸੁਧਾਰ ਦੀ ਇਹ ਮਹਾਨ ਯੋਜਨਾ ਕੇਵਲ ਕਾਗਜ਼ਾਂ ਦੇ ਘੋੜ੍ਹੇ ਦੌੜ੍ਹਾਉਣ ਨਾਲ ਪੂਰੀ ਨਹੀਂ ਹੋ ਸਕਦੀ । ਉਸ ਲਈ ਇਸੇ ਰਾਹ ਉੱਤੇ ਕਦਮ ਮਾਰਨਾ ਜ਼ਰੂਰੀ ਹੈ ਜਿਸ ਉੱਤੇ ਸ਼ੁਰੂ

ਤੋਂ ਰੱਬ ਦੇ ਪਾਕ ਨਬੀ ਮਾਰਦੇ ਰਹੇ ਹਨ । ਅਤੇ ਇਸਲਾਮ ਨੇ ਆਪਣਾ ਕਦਮ ਰੱਖਦੇ ਹੀ ਇਸ ਅਸਰ ਕਰਨ ਵਾਲੇ ਢੰਗ ਨੂੰ ਅਜਿਹੀ ਮਜ਼ਬੂਤੀ ਅਤੇ ਸਥਿਰਤਾ ਨਾਲ ਪ੍ਰਚਲਿਤ ਕੀਤਾ ਹੈ ਕਿ ਉਸ ਦੀ ਮਿਸਾਲ ਦੂਜੇ ਧਰਮਾਂ ਵਿੱਚ ਕਦੇ ਵੀ ਨਹੀਂ ਪਾਈ ਜਾਂਦੀ । ਕੌਣ ਇਸ ਬਹੁਗਿਣਤੀ ਜਮਾਅਤ ਦਾ ਦੂਜੀ ਥਾਂ ਵਜੂਦ ਵਿਖਾ ਸਕਦਾ ਹੈ ਜਿਹੜੀ ਗਿਣਤੀ ਵਿੱਚ ਦਸ ਹਜਾਰ ਤੋਂ ਵੀ ਵੱਧ ਗਈ ਸੀ ਅਤੇ ਕਮਾਲ ਵਿਸ਼ਵਾਸ਼ ਅਤੇ ਨਿਮਰਤਾ ਅਤੇ ਲਗਨ ਅਤੇ ਪੂਰੀ ਲੀਨਤਾ ਨਾਲ ਸੱਚਾਈ ਦੇ ਪ੍ਰਾਪਤ ਕਰਨ ਅਤੇ ਸੱਚਾਈ ਦੇ ਸਿੱਖਣ ਲਈ ਨਬੀ ਦੇ ਬੂਹੇ ਉੱਤੇ ਦਿਨ ਰਾਤ ਪਈ ਰਹਿੰਦੀ ਸੀ ਬੇਸ਼ੱਕ ਹਜ਼ਰਤ ਮੂਸਾ ਨੂੰ ਵੀ ਇੱਕ ਜਮਾਅਤ ਮਿਲੀ ਸੀ ਪਰ ਉਹ ਕਿਨ੍ਹੀ ਬਾਗੀ ਤੇ ਇੰਨਕਾਰ ਕਰਨ ਵਾਲੀ ਅਤੇ ਰੂਹਾਨੀ ਸੰਗਤ ਤੇ ਸੱਚੀ ਆਗਿਆ ਪਾਲਣਾ ਤੋਂ ਦੂਰ ਤੇ ਵਾਂਝੀ ਰਹਿਣ ਵਾਲੀ ਸੀ ਇਸ ਗੱਲ ਨੂੰ ਬਾਈਬਲ ਦੇ ਪੜ੍ਹਣ ਵਾਲੇ ਅਤੇ ਯਹੂਦੀਆਂ ਦੇ ਇਤਿਹਾਸ ਉੱਤੇ ਨਜ਼ਰ ਪਾਉਣ ਵਾਲੇ ਖ਼ੂਬ ਜਾਣਦੇ ਹਨ ਪਰ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਜਮਾਅਤ ਨੇ ਆਪਣੇ ਪਵਿੱਤਰ ਰਸੂਲ ਦੀ ਰਾਹ ਵਿੱਚ ਅਜਿਹੀ ਏਕਤਾ ਅਤੇ ਅਜਿਹਾ ਰੂਹਾਨੀ ਭਾਈਚਾਰਾ ਪੈਦਾ ਕਰ ਲਿਆ ਸੀ ਕਿ ਇਸਲਾਮੀ ਭਾਈਚਾਰੇ ਦੇ ਅਨੁਸਾਰ ਸੱਚਮੁਚ ਇੱਕਮਾਤਰ ਅੰਗ ਵਾਂਗ ਹੋ ਗਏ ਅਤੇ ਉਨ੍ਹਾਂ ਦੇ ਰੋਜ਼ਾਨਾ ਵਰਤਾਓ ਤੇ ਜ਼ਿੰਦਗੀ ਅਤੇ ਅੰਦਰ ਬਾਹਰ ਨਬੁਵੱਤ ਦੇ ਨੂਰ ਅਜਿਹੇ ਰੱਚ ਗਏ ਸਨ ਕਿ ਜਿਵੇਂ ਉਹ ਸਾਰੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਪਰਛਾਵੇਂ ਸਨ । ਸੋ

ਇਹ ਭਾਰੀ ਚਮਤਕਾਰ ਅੰਦਰੂਨੀ ਤਬਦੀਲੀਆਂ ਦਾ ਜਿਸ ਦੁਆਰਾ ਅਸ਼ਲੀਲ ਬੁੱਤ ਪੂਜਾ ਕਰਨ ਵਾਲੇ, ਸੰਪੂਰਨ ਰੱਬੀ ਭਗਤੀ ਤੱਕ ਪਹੁੰਚ ਗਏ ਅਤੇ ਹਰ ਸਮੇਂ ਸੰਸਾਰ ਵਿੱਚ ਡੁੱਬੇ ਰਹਿਣ ਵਾਲੇ,ਸੱਚੇ ਪ੍ਰੇਮੀ (ਰੱਬ) ਨਾਲ ਇੰਞ ਜੁੜ੍ਹ ਗਏ ਕਿ ਉਸ ਦੇ ਰਾਹ ਵਿੱਚ ਪਾਣੀ ਵਾਂਗ ਆਪਣੇ ਲਹੂ ਨੂੰ ਵਹਾ ਦਿੱਤਾ ਇਹ ਅਸਲ ਵਿੱਚ ਇੱਕ ਸੱਚੇ ਅਤੇ ਸੰਪੂਰਨ ਨਬੀ ਦੀ ਸੰਗਤ ਵਿੱਚ ਸੱਚੇ-ਸੁੱਚੇ ਕਦਮ ਨਾਲ ਉਮਰ ਗੁਜ਼ਾਰਨ ਦਾ ਨਤੀਜਾ ਸੀ। ਸੋ ਇਸੇ ਆਧਾਰ ਉੱਤੇ ਇਹ ਵਿਨੀਤ ਇਸ ਸਿਲਸਿਲੇ ਦੇ ਕਾਇਮ ਰੱਖਣ ਲਈ ਨਿਯੁਕਤ ਕੀਤਾ ਗਿਆ ਹੈ ਅਤੇ ਚਾਹੁੰਦਾ ਹੈ ਕਿ ਸੰਗਤ ਵਿੱਚ ਰਹਿਣ ਵਾਲਿਆਂ ਦਾ ਸਿਲਸਿਲਾ ਹੋਰ ਵੀ ਵੱਧ ਵਿਸਥਾਰ ਨਾਲ ਵਧਾ ਦਿੱਤਾ ਜਾਵੇ ਅਤੇ ਅਜਿਹੇ ਲੋਕ ਦਿਨ ਰਾਤ ਸੰਗਤ ਵਿੱਚ ਰਹਿਣ ਕਿ ਜਿਹੜ੍ਹੇ ਆਸਥਾ ਤੇ ਪਿਆਰ ਅਤੇ ਯਕੀਨ ਦੇ ਵਧਾਉਣ ਲਈ ਸ਼ੌਕ ਰੱਖਦੇ ਹੋਣ ਅਤੇ ਉਨ੍ਹਾਂ ਉੱਤੇ ਉਹ ਨੂਰ ਪ੍ਰਕਟ ਹੋਣ ਕਿ ਜਿਹੜ੍ਹੇ ਇਸ ਵਿਨੀਤ ਉੱਤੇ ਪ੍ਰਕਟ ਕੀਤੇ ਗਏ ਹਨ ਅਤੇ ਉਹ ਸਵਾਦ ਉਨ੍ਹਾਂ ਨੂੰ ਪ੍ਰਦਾਨ ਹੋਵੇ ਜੋ ਇਸ ਵਿਨੀਤ ਨੂੰ ਪ੍ਰਦਾਨ ਕੀਤਾ ਗਿਆ ਹੈ ਤਾਂ ਇਸਲਾਮ ਦੀ ਰੌਸ਼ਨੀ ਆਮ ਕਰਕੇ ਸੰਸਾਰ ਵਿੱਚ ਫੈਲ੍ਹ ਜਾਵੇ ਅਤੇ ਘ੍ਰਿਣਾ ਅਤੇ ਬੇਇੱਜ਼ਤੀ ਦਾ ਕਾਲਾ ਦਾਗ ਮੁਸਲਮਾਨਾਂ ਦੇ ਮੱਥੇ ਉੱਤੋਂ ਧੋਇਆ ਜਾਵੇ। ਇਹੋ ਖ਼ੁਸ਼ਖਬਰੀ ਦੇ ਕੇ ਰੱਬ ਨੇ ਮੈਨੂੰ ਭੇਜਿਆ ਅਤੇ ਕਿਹਾ ਕਿ

| | |
|---|---|
| وپائے محمدیاں بر منار بلند تر محکم اُفتاد[4] | بخرام کہ وقت تو نزدیک رسید |

[4] ਬਖ਼ਰਾਮ ਕਿ ਵਕਤ ਤੂੰ ਨਜ਼ਦੀਕ ਰਸੀਦ ਵ ਪਾਏ ਮੁਹੰਮਦਯਾਨ ਬਰ ਮਿਨਾਰ ਬੁਲੰਦ ਤਰ ਮੁਹਕਮ ਉਫ਼ਤਾਦ

ਚੌਥੀ ਸ਼ਾਖਾ ਇਸ ਕਾਰਖਾਨੇ ਦੀ ਉਹ ਪੱਤਰ ਹਨ ਜਿਹੜੇ ਸੱਚਾਈ ਦੇ ਚਾਹਵਾਨਾ ਜਾਂ ਵਿਰੋਧੀਆਂ ਵੱਲੋਂ ਲਿੱਖੇ ਜਾਂਦੇ ਹਨ। ਸੋ ਹੁਣ ਤੱਕ ਉਪਰੋਕਤ ਸਮੇਂ ਵਿੱਚ 90 ਹਜਾਰ ਤੋਂ ਵੀ ਕੁੱਝ ਵੱਧ ਪੱਤਰ ਆਏ ਹੋਣਗੇ ਜਿਨ੍ਹਾਂ ਦਾ ਜਵਾਬ ਲਿੱਖਿਆ ਗਿਆ ਕੁੱਝ ਪੱਤਰਾਂ ਤੋਂ ਬਿਨ੍ਹਾਂ ਜਿਹੜੇ ਵਿਅਰਥ ਜਾਂ ਗੈਰ ਜ਼ਰੂਰੀ ਸੱਮਝੇ ਗਏ ਅਤੇ ਇਹ ਸਿਲਸਿਲਾ ਵੀ ਲਗਾਤਾਰ ਜਾਰੀ ਹੈ ਅਤੇ ਹਰ ਇੱਕ ਮਹੀਨੇ ਵਿੱਚ ਇੱਕ ਅਨੁਮਾਨ ਅਨੁਸਾਰ ਤਿੰਨ ਸੌ ਤੋਂ ਸੱਤ ਸੌ ਜਾਂ ਹਜ਼ਾਰ ਤੱਕ ਪੱਤਰ ਆਉਣ ਜਾਣ ਦੀ ਗਿਣਤੀ ਪਹੁੰਚਦੀ ਹੈ।

ਪੰਜਵੀਂ ਸ਼ਾਖਾ ਇਸ ਕਾਰਖਾਨੇ ਦੀ ਜਿਹੜੀ ਰੱਬ ਨੇ ਆਪਣੀ ਖਾਸ ਅਕਾਸ਼ਬਾਣੀ ਤੋਂ ਸਥਾਪਤ ਕੀਤੀ,ਸ਼ਰਧਾਲੂਆਂ ਅਤੇ ਬੈਅਤ ਕਰਨ ਵਾਲੀਆਂ ਦਾ ਸਿਲਸਿਲਾ ਹੈ। ਸੋ ਉਸ ਨੇ ਇਸ ਸਿਲਸਿਲੇ ਦੇ ਸਥਾਪਤ ਕਰਨ ਸਮੇਂ ਮੈਨੂੰ ਕਿਹਾ ਕਿ ਜ਼ਮੀਨ ਵਿੱਚ ਅੰਧਕਾਰ ਦਾ ਹਨ੍ਹੇਰ ਪਸਰੀਆ ਹੋਇਆ ਹੈ ਤੂੰ ਇਸ ਹਨ੍ਹੇਰ ਸਮੇਂ ਇਹ ਕਿਸ਼ਤੀ ਤਿਆਰ ਕਰ ਜਿਹੜਾ ਇਸ ਕਿਸ਼ਤੀ ਵਿੱਚ ਸਵਾਰ ਹੋਵੇਗਾ ਉਹ ਤਬਾਹ ਹੋਣ ਤੋਂ ਬੱਚ ਜਾਵੇਗਾ ਤੇ ਜੋ ਇੰਨਕਾਰ ਕਰੇਗਾ ਉਸ ਨੂੰ ਮੌਤ ਦਾ ਸਾਮ੍ਹਣਾ ਕਰਨਾ ਪੈਂਣਾ ਹੈ। ਅਤੇ ਫ਼ਰਮਾਇਆ ਕਿ ਜਿਸ ਨੇ ਤੇਰੇ ਹੱਥ ਵਿੱਚ ਹੱਥ ਦਿੱਤਾ ਉਸ ਨੇ ਤੇਰੇ ਹੱਥ ਵਿੱਚ ਨਹੀਂ ਸਗੋਂ ਰੱਬ ਦੇ ਹੱਥ ਵਿੱਚ ਹੱਥ ਦਿੱਤਾ। ਅਤੇ

---

ਅਨੁਵਾਦ-ਖ਼ੁਸ਼ੀ ਮਨਾਓ ਕਿ ਉਹ ਸਮਾਂ ਨੇੜ੍ਹੇ ਹੈ ਜੱਦ ਕਿ ਮੁਹੰਮਦ ਦੇ ਸ਼ਰਧਾਲੂਆਂ ਦਾ ਪੈਰ ਉੱਚੇ ਮਿਨਾਰ ਉੱਤੇ ਪੈਣ ਵਾਲਾ ਹੈ।

ਉਸ ਰੱਬ ਨੇ ਮੈਨੂੰ ਖੁਸ਼ਖਬਰੀ ਦਿੱਤੀ ਕਿ ਮੈਂ ਤੈਨੂੰ ਮੌਤ ਦਿਆਂਗਾ ਅਤੇ ਆਪਣੇ ਵੱਲ੍ਹ ਚੁੱਕ ਲਵਾਂਗਾ। ਪਰ ਤੇਰੇ ਸੱਚੇ ਸ਼ਰਧਾਲੂ ਅਤੇ ਪਿਆਰ ਕਰਨ ਵਾਲੇ ਕਯਾਮਤ ਤੱਕ ਰਹਿਣਗੇ ਅਤੇ ਹਮੇਸ਼ਾ ਇੰਨਕਾਰ ਕਰਨ ਵਾਲੀਆਂ ਉੱਤੇ ਜੇਤੂ ਰਹਿਣਗੇ।

ਇਹ ਪੰਜ ਕਿਸਮ ਦੇ ਸਿਲਸਿਲੇ ਹਨ ਜਿਹੜ੍ਹੇ ਰੱਬ ਨੇ ਆਪਣੇ ਹੱਥੋਂ ਕਾਯਮ ਕੀਤੇ। ਜੱਦ ਕਿ ਇੱਕ ਆਮ ਨਜ਼ਰ ਵਾਲਾ ਆਦਮੀ ਕੇਵਲ ਪ੍ਰਕਾਸ਼ਨ ਨੂੰ ਜ਼ਰੂਰੀ ਸੱਮਝੇਗਾ ਅਤੇ ਦੂਜੀ ਸ਼ਾਖਾਵਾਂ ਨੂੰ ਗੈਰ ਜ਼ਰੂਰੀ ਤੇ ਬੇਅਰਥ ਖਿਆਲ ਕਰੇਗਾ ਪਰ ਰੱਬ ਦੀ ਨਜ਼ਰ ਵਿੱਚ ਇਹ ਸਾਰੇ ਜ਼ਰੂਰੀ ਹਨ । ਅਤੇ ਜਿਸ ਸੁਧਾਰ ਲਈ ਉਸ ਨੇ ਇਰਾਦਾ ਕੀਤਾ ਹੈ ਉਹ ਸੁਧਾਰ ਇਨ੍ਹਾਂ ਪੰਜਾਂ ਤਰੀਕਿਆਂ ਦੀ ਵਰਤੋਂ ਤੋਂ ਬਿਨ੍ਹਾਂ ਪ੍ਰਕਟ ਨਹੀਂ ਹੋ ਸਕਦਾ। ਬੇਸ਼ੱਕ ਇਹ ਸਾਰਾ ਕਾਰੋਬਾਰ ਰੱਬ ਦੀ ਖਾਸ ਮਦਦ ਤੇ ਖਾਸ ਮਿਹਰ ਉੱਤੇ ਛੱਡਿਆ ਗਿਆ ਹੈ ਅਤੇ ਉਸ ਦੇ ਸਿੱਟੇ ਕੱਢਣ ਲਈ ਉਹੀ ਕਾਫ਼ੀ ਤੇ ਉਸੇ ਦੇ ਵੱਡਮੁਲੇ ਬਚਨ ਸੰਤੋਖ ਬਖ਼ਸ਼ ਹਨ । ਪਰ ਉਸੇ ਦੇ ਹੁਕਮ ਅਤੇ ਤਹਰੀਕ ਨਾਲ ਮੁਸਲਮਾਨਾਂ ਨੂੰ ਮਦਦ ਦੀ ਯਾਦ ਕਰਵਾਈ ਜਾਂਦੀ ਹੈ ਜਿਵੇਂ ਕਿ ਰੱਬ ਦੇ ਸਾਰੇ ਨਬੀ ਜੋ ਲੰਘ ਚੁੱਕੇ ਹਨ ਔਕੜ੍ਹਾਂ ਸਮੇਂ ਯਾਦ ਕਰਵਾਉਂਦੇ ਰਹੇ ਹਨ ਸੋ ਉਸੇ ਯਾਦ ਕਰਵਾਉਣ ਦੇ ਉਦੇਸ਼ ਨਾਲ ਕਹਿੰਦਾ ਹਾਂ ਕਿ ਇਹ ਗੱਲ ਸਪੱਸ਼ਟ ਹੈ ਕਿ ਇਨ੍ਹਾਂ ਪੰਜਾ ਸ਼ਾਖਾਵਾਂ ਦੇ ਸੁਚਾਰੂ ਤੇ ਵਿਆਪਕ ਤੌਰ ਉੱਤੇ ਜਾਰੀ ਰਹਿਣ ਲਈ ਕਿਸੇ ਹੱਦ ਤੱਕ ਮੁਸਲਮਾਨਾਂ ਦੀ ਸਮੂਹਿਕ ਸਹਾਇਤਾ ਦੀ ਲੋੜ੍ਹ ਹੈ। ਉਦਾਹਰਣ ਵੱਜੋਂ

ਇੱਕ ਪ੍ਰਕਾਸ਼ਨ ਦੇ ਸਿਲਸਿਲੇ ਨੂੰ ਹੀ ਧਿਆਨ ਨਾਲ ਵੇਖੋ ਕਿ ਜੇਕਰ ਅਸੀਂ ਪ੍ਰਕਾਸ਼ਨ ਨੂੰ ਸੰਪੂਰਨ ਆਪਣੇ ਜ਼ਿੰਮੇ ਲਾਉਣ ਤਾਂ ਉਸ ਦੀ ਪੂਰਤੀ ਲਈ ਕਿਹੜੇ ਵਿੱਤੀ ਸਰੋਤਾਂ ਦੀ ਸਾਨੂੰ ਲੋੜ ਹੋਵੇਗੀ ਕਿਉਂਕਿ ਜੇਕਰ ਵਾਸਤਵ ਵਿੱਚ ਪ੍ਰਕਾਸ਼ਨ ਦੀ ਪੂਰਨਤਾ ਹੀ ਸਾਡਾ ਉਦੇਸ਼ ਹੈ ਤਾਂ ਸਾਡਾ ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਸਾਡੇ ਧਾਰਮਿਕ ਸੰਕਲਨ ਜਿਹੜੇ ਖੋਜ ਦੇ ਖ਼ਜ਼ਾਨਿਆ ਤੇ ਗਿਆਨ ਨਾਲ ਭਰਪੂਰ ਅਤੇ ਹੱਕ ਦੇ ਜਾਚਕਾਂ ਨੂੰ ਸਿੱਧੇ ਰਾਹ ਵੱਲ੍ਹ ਖਿੱਚਣ ਵਾਲੇ ਹਨ ਛੇਤੀ ਤੇ ਵੱਡੀ ਗਿਣਤੀ ਵਿੱਚ ਅਜਿਹੇ ਲੋਕਾਂ ਨੂੰ ਪਹੁੰਚ ਜਾਣ ਜਿਹੜੇ ਮੰਦੀ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਘਾਤਕ ਬੀਮਾਰੀਆ ਵਿੱਚ ਗ੍ਰਿਫ਼ਤਾਰ ਜਾਂ ਮੌਤ ਦੇ ਕਰੀਬ ਪਹੁੰਚ ਗਏ ਹਨ ਅਤੇ ਹਰ ਸਮੇਂ ਇਹ ਗੱਲ ਸਾਡੀ ਨਜ਼ਰ ਵਿੱਚ ਰਹਿਣੀ ਚਾਹੀਦੀ ਹੈ ਕਿ ਜਿਸ ਦੇਸ਼ ਦੀ ਹਾਲਤ ਅੰਧਕਾਰ ਦੇ ਕਤਲ ਕਰਨ ਵਾਲੇ ਜ਼ਹਿਰ ਨਾਲ ਬਹੁਤ ਖ਼ਤਰੇ ਵਿੱਚ ਪੈ ਗਈ ਹੋਵੇ ਛੇਤੀ ਨਾਲ ਸਾਡੀ ਕਿਤਾਬਾਂ ਉਸ ਦੇਸ਼ ਵਿੱਚ ਫੈਲ੍ਹ ਜਾਣ । ਅਤੇ ਹਰ ਇੱਕ ਜਗਿਆਸੂ ਦੇ ਹੱਥ ਵਿੱਚ ਉਹ ਕਿਤਾਬਾਂ ਨਜ਼ਰ ਆਉਣ । ਪਰ ਸਪੱਸ਼ਟ ਹੈ ਕਿ ਇਸ ਮੁੱਦੇ ਦਾ ਸੰਪੂਰਨ ਅਤੇ ਮੁਕੰਮਲ ਤੌਰ'ਤੇ ਇਸ ਰੂਪ ਵਿੱਚ ਹਾਸਲ ਹੋਣਾ ਬਿਲਕੁੱਲ ਸੰਭਵ ਨਹੀਂ ਕਿ ਅਸੀਂ ਹਮੇਸ਼ਾ ਇਹੀ ਉਮੀਦ ਰੱਖਈਏ ਕਿ ਸਾਡੀ ਕਿਤਾਬਾਂ ਵਿਕਰੀ ਰਾਹੀਂ ਪ੍ਰਕਾਸ਼ਿਤ ਹੁੰਦੀਆਂ ਰਹਿਣ। ਅਤੇ ਕੇਵਲ ਵਿਕਰੀ ਵੱਜੋਂ ਕਿਤਾਬਾਂ ਨੂੰ ਪ੍ਰਕਾਸ਼ਿਤ ਕਰਨਾ ਅਤੇ ਮਨੁੱਖੀ ਮਿਲਾਵਟ ਕਰਕੇ ਸੰਸਾਰ ਨੂੰ ਧਰਮ ਵੱਲ੍ਹ ਖਿੱਚਣਾ ਬਹੁਤ ਨਿਕੰਮਾ ਤੇ ਇਤਰਾਜ਼ ਯੋਗ ਤਰੀਕਾ ਹੈ ਜਿਸ ਦੀ

ਔਕੜ੍ਹ ਕਰਕੇ ਨਾ ਅਸੀਂ ਜਲਦੀ ਆਪਣੀ ਕਿਤਾਬਾਂ ਸੰਸਾਰ ਵਿੱਚ ਫੈਲ੍ਹਾ ਸਕਦੇ ਹਨ ਅਤੇ ਨਾ ਵੱਡੀ ਗਿਣਤੀ ਵਿੱਚ ਉਹ ਕਿਤਾਬਾਂ ਲੋਕਾਂ ਨੂੰ ਦੇ ਸਕਦੇ ਹਾਂ। ਇਹ ਗੱਲ ਵਾਸਤਵ'ਚ ਸੱਚ ਅਤੇ ਬਿਲਕੁੱਲ ਸੱਚ ਹੈ ਕਿ ਜਿਵੇਂ ਅਸੀ ਉਦਾਹਰਣ ਲਈ ਇੱਕ ਲੱਖ ਕਿਤਾਬਾਂ ਨੂੰ ਮੁਫ਼ਤ ਵੰਡਣ ਦੀ ਹਾਲਤ ਵਿੱਚ ਕੇਵਲ ਵੀਹ ਦਿਨਾਂ ਵਿੱਚ ਉਹ ਸਾਰੀਆਂ ਕਿਤਾਬਾਂ ਦੂਰ ਦੂਰ ਦੇਸ਼ਾਂ ਵਿੱਚ ਪਹੁੰਚਾ ਸਕਦੇ ਹਾਂ ਅਤੇ ਆਮ ਤੌਰ'ਤੇ ਹਰ ਇੱਕ ਫਿਰਕੇ ਵਿੱਚ ਅਤੇ ਹਰ ਥਾਂ ਫੈਲ੍ਹਾ ਸਕਦੇ ਹਾਂ ਅਤੇ ਹਰ ਇੱਕ ਸੱਚਾਈ ਦੇ ਜਾਚਕ ਅਤੇ ਜਗਿਆਸੂ ਨੂੰ ਦੇ ਸਕਦੇ ਹਾਂ ਅਜਿਹੀ ਉੱਚ ਦਰਜਾ ਦੀ ਕਾਰਵਾਈ ਮੁੱਲ੍ਹ ਦੇਣ ਦੀ ਅਵਸਥਾ ਵਿੱਚ ਸੰਭਵਤਾ ਵੀਹ ਵਰ੍ਹੀਆਂ ਤੱਕ ਵੀ ਅਸੀ ਨਹੀਂ ਕਰ ਸਕਾਂਗੇ। ਵੇਚਣ ਲਈ ਕਿਤਾਬਾਂ ਨੂੰ ਸੰਦੂਕਾਂ ਵਿੱਚ ਬੰਦ ਕਰਕੇ ਸਾਨੂੰ ਖਰੀਦਦਾਰਾਂ ਦੀ ਉਡੀਕ ਕਰਨੀ ਚਾਹੀਦੀ ਹੈ ਕਿ ਕੱਦ ਕੋਈ ਆਉਂਦਾ ਹੈ ਜਾਂ ਪੱਤਰ ਭੇਜਦਾ ਹੈ । ਅਤੇ ਸੰਭਵ ਹੈ ਕਿ ਇਸ ਲੰਮੀ ਉਡੀਕ ਦੇ ਜ਼ਮਾਨੇ ਵਿੱਚ ਅਸੀਂ ਆਪ ਹੀ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਜਾਈਏ ਅਤੇ ਕਿਤਾਬਾਂ ਸੰਦੂਕਾਂ ਵਿੱਚ ਬੰਦ ਦੀ ਬੰਦ ਹੀ ਰਹਿਣ । ਸੋ ਕਿਉਂਕਿ ਵਿਕਰੀ ਦਾ ਦਾਇਰਾ ਬਹੁਤ ਤੰਗ ਅਤੇ ਅਸਲ ਮੁੱਦੇ ਵਿੱਚ ਸਖ਼ਤ ਰੋਕ ਪਾਉਣ ਵਾਲਾ ਅਤੇ ਕੁੱਝ ਵਰ੍ਹਿਆਂ ਦੇ ਕੰਮ ਨੂੰ ਸੈਂਕੜ੍ਹੇ ਵਰ੍ਹਿਆਂ ਉੱਤੇ ਪਾ ਦਿੰਦਾ ਹੈ, ਅਤੇ ਮੁਸਲਮਾਨਾਂ ਵਿੱਚੋਂ ਅਜਿਹਾ ਕੋਈ ਵੱਡੇ ਹੌਂਸਲੇ ਵਾਲਾ ਅਤੇ ਵੱਡੀ ਹਿੰਮਤ ਵਾਲਾ ਅਮੀਰ ਵੀ ਹੁਣ ਤੱਕ ਇਸ ਪਾਸੇ ਆਕ੍ਰਿਸ਼ਤ ਨਹੀਂ ਹੋਇਆ ਕਿ ਸਾਡੀ ਨਵੀਂ ਸੰਪਾਦਨਾ ਦੇ

ਬਹੁਤ ਸਾਰੇ ਨੁਸਖ਼ੇ ਖਰੀਦ ਕੇ ਕੇਵਲ ਅੱਲਾਹ ਲਈ ਵੰਡ ਦੇਵੇ। ਅਤੇ ਇਸਲਾਮ ਵਿੱਚ ਈਸਾਈ ਮਿਸ਼ਨ ਵਾਂਗ ਕੋਈ ਅਜਿਹੀ ਸੋਸਾਇਟੀ ਵੀ ਨਹੀਂ ਜੋ ਇਸ ਕੰਮ ਲਈ ਮਦਦ ਦੇ ਸਕੇ[5]। ਅਤੇ ਉਮਰ ਦਾ ਵੀ ਭਰੋਸਾ ਨਹੀਂ ਤਾਂ ਜੋ ਅਸੀਂ ਲੰਮੀ ਉਮਰ ਦੀ ਉਡੀਕ ਵਿੱਚ ਕਿਸੇ ਦੂਰ-ਦਰਾਡੇ ਸਮੇਂ ਦੇ ਉਡੀਕਵਾਨ ਰਹੀਏ। ਸੋ ਮੇਰੇ ਵੱਲੋਂ ਆਪਣੀ ਸਾਰੀ ਸੰਪਾਦਨਾਵਾਂ ਦੇ ਆਰੰਭ ਤੇ ਬਚਨ ਬੱਧ ਤੌਰ'ਤੇ ਇਹੀ ਤੈਅ ਕੀਤਾ ਗਿਆ ਹੈ ਕਿ ਜਿੱਥੇ ਤੱਕ ਵਸ ਚੱਲ ਸਕਦਾ ਹੈ ਬਹੁਤ ਸਾਰਾ ਹਿੱਸਾ ਕਿਤਾਬਾਂ ਦਾ ਮੁਫ਼ਤ ਵੰਡ ਦਿੱਤਾ ਜਾਵੇ ਤਾਂ ਜੋ ਛੇਤੀ ਤੇ ਆਸਾਨੀ ਨਾਲ ਇਹ ਕਿਤਾਬਾਂ ਜੋ ਸੱਚਾਈ ਦੇ ਨੂਰ ਨਾਲ ਭਰੀਆਂ ਹੋਈਆਂ ਹਨ ਸੰਸਾਰ ਵਿੱਚ ਫੈਲ੍ਹ ਜਾਣ ਪਰ ਕਿਉਂਕਿ ਮੇਰੀ ਨਿੱਜੀ ਸਮਰਥਾ ਅਜਿਹੀ ਨਹੀਂ ਸੀ ਕਿ ਮੈਂ ਇਸ ਮਹਾਨ ਭਾਰ ਨੂੰ ਇਕੱਲੇ ਚੁੱਕ ਸਕਦਾ ਅਤੇ ਦੂਜੀ ਸ਼ਾਖਾਵਾਂ ਦੇ ਵੱਡੇ ਖਰਚੇ ਵੀ ਇਸ ਸ਼ਾਖਾ ਨਾਲ ਜੁੜ੍ਹੇ ਸਨ ਇਸੇ ਲਈ ਇਹ ਕੰਮ ਪ੍ਰਕਾਸ਼ਨ ਸੰਪਾਦਨ ਦਾ ਇੱਕ ਹੱਦ ਤੱਕ ਚੱਲ ਕੇ ਅੱਗੇ ਰੁੱਕ ਗਿਆ ਜੋ ਅੱਜ ਤੱਕ ਰੁੱਕਿਆ ਹੋਇਆ ਹੈ। ਰੱਬ ਨੇ ਇਸ ਸਿਲਸਿਲੇ ਦੀ ਸਾਰੀਆਂ ਸ਼ਾਖਾਵਾਂ ਨੂੰ ਇੱਕੋ

---

[5] ਬਿਆਨ ਕੀਤਾ ਜਾਂਦਾ ਹੈ ਕਿ ਬ੍ਰਿਟਿਸ਼ ਅਤੇ ਫੌਰਨ ਬਾਇਬਲ ਸੋਸਾਇਟੀ ਨੇ ਆਰੰਭ ਤੋਂ ਅਰਥਾਤ ਪਿੱਛਲੇ 21 ਵਰ੍ਹਿਆਂ ਵਿੱਚ ਈਸਾਈ ਧਰਮ ਦੀ ਮਦਦ ਵਿੱਚ ਸੱਤ ਕਰੋੜ੍ਹ ਤੋਂ ਕੁੱਝ ਵੱਧ ਆਪਣੀ ਧਾਰਮਿਕ ਪੁਸਤਕਾਂ ਵੰਡ ਕੇ ਸੰਸਾਰ ਵਿੱਚ ਪ੍ਰਚਲਿਤ ਕੀਤੀਆਂ ਹਨ। ਇਸ ਸਮੇਂ ਦੇ ਸ਼ਾਹੁਕਾਰ ਪਰ ਨਿਕੰਮੇ ਮੁਸਲਮਾਨਾਂ ਨੂੰ ਇਹ ਲੇਖ ਜਿਹੜ੍ਹਾ ਅਕਤੂਬਰ ਅਤੇ ਨਵੰਬਰ 1890 ਦੇ ਅਖਬਾਰਾਂ ਵਿੱਚ ਛੱਪ ਕੇ ਪ੍ਰਕਾਸ਼ਿਤ ਹੋਇਆ ਹੈ ਧਿਆਨ ਤੇ ਸ਼ਰਮ ਨਾਲ ਪੜ੍ਹਣਾ ਚਾਹੀਦਾ ਹੈ। ਕੀ ਇਹ ਕਿਤਾਬਾਂ ਵੇਚਣ ਵਾਲੀਆਂ ਦੇ ਹੱਥਾਂ ਤੋਂ ਪ੍ਰਕਾਸ਼ਿਤ ਹੋਇਆਂ ਹਨ ਜਾਂ ਇੱਕ ਕੌਮ ਦੀ ਸਰਗਰਮ ਸੋਸਾਈਟੀ ਨੇ ਆਪਣੇ ਧਰਮ ਦੀ ਮਦਦ ਵਿੱਚ ਮੁਫ਼ਤ ਵੰਡੀਆਂ ਹਨ

ਨਜ਼ਰ ਨਾਲ ਵੇਖਿਆ ਹੈ ਅਤੇ ਸਮਾਨਤਾ ਦੀ ਨਜ਼ਰ ਨਾਲ ਇਨ੍ਹਾਂ ਸਾਰੀਆਂ ਦੀ ਪੂਰਤੀ ਤੇ ਹੋਂਦ ਚਾਹੁੰਣਾ ਹਾਂ ਪਰ ਇਨ੍ਹਾਂ ਪੰਜਾ ਸ਼ਾਖਾਵਾਂ ਦੇ ਖਰਚੇ ਇੰਨ੍ਹੇ ਹਨ ਕਿ ਜਿੰਨ੍ਹਾਂ ਲਈ ਸੱਚੇ ਦੋਸਤਾਂ ਦੇ ਖਾਸ ਧਿਆਨ ਅਤੇ ਹਮਦਰਦੀ ਦੀ ਲੋੜ੍ਹ ਹੈ । ਜੇਕਰ ਮੈਂ ਇਨ੍ਹਾਂ ਧਾਰਮਿਕ ਖਰਚਿਆਂ ਦੀ ਵਿਸਥਾਰਪੂਰਕ ਹਕੀਕਤ ਲਿੱਖਾਂ ਤਾਂ ਬਹੁਤ ਲੰਮਾ ਹੋ ਜਾਵੇਗਾ। ਪਰ ਹੇ ਭਰਾਵੋਂ ! ਤੁਸੀ ਉਦਾਹਰਣ ਵੱਜੋਂ ਕੇਵਲ ਆਉਣ ਵਾਲੇ ਮਹਿਮਾਨਾਂ ਦੇ ਸਿਲਸਿਲੇ ਉੱਤੇ ਹੀ ਨਜ਼ਰ ਪਾ ਕੇ ਵੇਖੋ ਕਿ ਹੁਣ ਤੱਕ ਸੱਤ ਸਾਲ ਦੇ ਸਮੇਂ ਵਿੱਚ ਸੱਠ ਹਜ਼ਾਰ ਦੇ ਕਰੀਬ ਜਾਂ ਉਸ ਤੋਂ ਕੁੱਝ ਵੱਧ ਮਹਿਮਾਨ ਆਏ ਹਨ। ਹੁਣ ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਇਨ੍ਹਾਂ ਪਿਆਰੇ ਮਹਿਮਾਨਾਂ ਦੀ ਸੈਵਾ,ਦਾਅਵਤ ਅਤੇ ਪਰਾਹੁਣਚਾਰੀ ਵਿੱਚ ਕੀ ਕੁੱਝ ਖ਼ਰਚ ਹੋਇਆ ਹੋਵੇਗਾ ਅਤੇ ਉਨ੍ਹਾਂ ਦੇ ਸਰਦੀ ਤੇ ਗਰਮੀ ਦੇ ਅਰਾਮ ਲਈ ਜ਼ਰੂਰੀ ਤੌਰ'ਤੇ ਕੀ ਕੁੱਝ ਬਣਾਉਣਾ ਪਿਆ ਹੋਵੇਗਾ। ਬੇਸ਼ੱਕ ਇੱਕ ਦੂਰ ਦਰਿਸ਼ਟੀ ਮਨੁੱਖ ਨੂੰ ਅਚੰਭਾ ਹੋਵੇਗਾ ਕਿ ਇੰਨੇ ਵੱਡੇ ਸਮੂਹ ਦੀ ਪਰਾਹੁਣਚਾਰੀ ਦੀਆਂ ਸਾਰੀਆਂ ਜ਼ਰੂਰੀ ਲੋੜ੍ਹਾਂ ਤੇ ਪੱਧਰ ਸਮੇਂ ਸਮੇਂ ਤੇ ਕਿਵੇਂ ਸੰਪੂਰਨ ਹੋਏ ਹੋਣਗੇ ਅਤੇ ਅੱਗੇ ਕਿਵੇਂ ਅਜਿਹਾ ਵੱਡਾ ਕੰਮ ਜਾਰੀ ਹੈ। ਇੰਝ ਹੀ ਉਹ ਵੀਹ ਹਜ਼ਾਰ ਪਰਚੇ ਜਿਹੜ੍ਹੇ ਅੰਗਰੇਜ਼ੀ ਅਤੇ ਉਰਦੂ ਵਿੱਚ ਛੱਪੇ, ਅਤੇ ਫਿਰ ਬਾਰਾਂ ਹਜਾਰ ਤੋਂ ਕੁੱਝ ਵੱਧ ਵਿਰੋਧੀਆਂ ਦੇ ਆਗੂਆਂ ਦੇ ਨਾਂ ਰਜਿਸਟਰੀ ਰਾਹੀਂ ਭੇਜੇ ਗਏ ਅਤੇ ਭਾਰਤ ਦੇਸ਼ ਵਿੱਚ ਇੱਕ ਵੀ ਅਜਿਹਾ ਪਾਦਰੀ ਨਾ ਛੱਡਿਆ ਜਿਸ ਦੇ ਨਾਂ ਉਹ ਪਰਚੇ ਨ ਭੇਜੇ ਹੋਣ ਸਗੋਂ ਯੂਰੋਪ

ਤੇ ਅਮਰੀਕਾ ਵਿੱਚ ਵੀ ਇਹ ਪਰਚੇ ਰਜਸਟਰੀ ਰਾਹੀਂ ਭੇਜ ਕੇ ਹੁੱਜਤ ਨੂੰ ਸੰਪੂਰਨ ਕੀਤਾ ਗਿਆ। ਕੀ ਇਨ੍ਹਾਂ ਪਰਚੀਆਂ'ਤੇ ਗੌਰ ਕਰਨ ਨਾਲ ਇਹ ਹੈਰਾਨੀ ਨਹੀਂ ਹੁੰਦੀ ਕਿ ਇਸ ਥੋੜ੍ਹੀ ਜਿਹੀ ਪੂੰਜੀ ਨਾਲ ਕਿਵੇਂ ਇਨ੍ਹਾਂ ਖਰਚੀਆਂ ਦੀ ਪੂਰਤੀ ਹੋ ਰਹੀ ਹੈ । ਅਤੇ ਇਹ ਤਾਂ ਵੱਡੇ ਵੱਡੇ ਖ਼ਰਚੇ ਹਨ, ਜੇਕਰ ਉਨ੍ਹਾਂ ਖ਼ਰਚੀਆਂ ਨੂੰ ਹੀ ਜਾਂਚਿਆ ਜਾਵੇ ਕਿ ਜਿਹੜ੍ਹੇ ਹਰ ਮਹੀਨੇ ਚਿੱਠੀਆਂ ਭੇਜਣ'ਚ ਚੁੱਕਣੇ ਪੈਂਦੇ ਹਨ ਤਾਂ ਉਹ ਵੀ ਅਜਿਹੀ ਵੱਡੀ ਰਕਮ ਬਣੇਗੀ ਜਿਸ ਦੇ ਲਗਾਤਾਰ ਜਾਰੀ ਰਹਿਣ ਲਈ ਹੁਣ ਤੱਕ ਕੋਈ ਮਦਦ ਦੀ ਰਾਹ ਨਹੀਂ ਅਤੇ ਜਿਹੜ੍ਹੇ ਲੋਕ ਬੈਅਤ ਦੇ ਸਿਲਸਿਲੇ ਵਿੱਚ ਦਾਖਲ ਹੋ ਕੇ ਸੱਚਾਈ ਦੀ ਭਾਲ ਦੇ ਉਦੇਸ਼ ਨਾਲ ਅਸਹਾਬੇ-ਸੂਫਾ[6] ਵਾਂਗ ਮੇਰੇ ਕੋਲ੍ਹ ਰੁੱਕਣਾ ਚਾਹੁੰਦੇ ਹਨ ਉਨ੍ਹਾਂ ਦੇ ਗੁਜ਼ਾਰੇ ਲਈ ਵੀ ਮੇਰੀ ਆਕਾਸ਼ ਵੱਲ੍ਹ ਨਜ਼ਰ ਹੈ ਅਤੇ ਮੈਂ ਜਾਣਦਾ ਹਾਂ ਕਿ ਇਨ੍ਹਾਂ ਪੰਜਾਂ ਸ਼ਾਖਾਵਾਂ ਦੇ ਜਾਰੀ ਰੱਖਣ ਦੀ ਰਾਹ ਆਪ ਉਹ ਕਾਦਰ ਰੱਬ ਕੱਢ ਦੇਵੇਗਾ ਜਿਸ ਦੇ ਖਾਸ ਇਰਾਦੇ ਨਾਲ ਇਸ ਕਾਰਖਾਨੇ ਦਾ ਆਧਾਰ ਹੈ ਪਰ ਪ੍ਰਚਾਰ ਦੀ ਨਜ਼ਰ ਨਾਲ ਜ਼ਰੂਰੀ ਹੈ ਕਿ ਕੌਮ ਨੂੰ ਇਸ ਬਾਰੇ ਸੂਚਿਤ ਕਰਾਂ। ਮੈਂ ਸੁਣਿਆਂ ਹੈ ਕਿ ਕੁੱਝ ਅਣਜਾਣ ਇਹ ਦੋਸ਼ ਮੇਰੇ ਬਾਰੇ ਪ੍ਰਕਾਸ਼ਿਤ ਕਰਦੇ ਹਨ ਕਿ ਕਿਤਾਬ ਬਰਾਹੀਨੇ ਅਹਮਦੀਆ ਦੀ ਕੀਮਤ ਅਤੇ ਕੁੱਝ ਚੰਦਾ ਵੀ ਤਿੰਨ ਕੋ ਹਜ਼ਾਰ ਰੁਪਈਏ ਲੋਕਾਂ ਤੋਂ ਹਾਸਲ ਹੋਇਆ। ਪਰ ਹੁਣ ਤੱਕ ਪੂਰੀ ਕਿਤਾਬ ਨਹੀਂ ਛਪੀ। ਮੈਂ ਇਸ ਦੇ ਜਵਾਬ ਵਿੱਚ ਉਨ੍ਹਾਂ ਉੱਤੇ ਸਪੱਸ਼ਟ

[6] ਉਹ ਲੋਕ ਜੋ ਆਪ ਸੱਲਲਾਹੋ ਅਲੈਹਿ ਵਸਲਮ ਕੋਲ੍ਹ ਧੂਨੀ ਜਮ੍ਹਾ ਕੇ ਬਹਿ ਗਏ ਸਨ

ਕਰਦਾ ਹਾਂ ਕਿ ਰੁਪਿਆ ਜੋ ਲੋਕਾਂ ਤੋਂ ਪ੍ਰਾਪਤ ਹੋਇਆ ਉਹ ਕੇਵਲ ਤਿੰਨ ਹਜਾਰ ਨਹੀਂ ਸਗੋਂ ਇਸ ਤੋਂ ਬਿਨ੍ਹਾਂ ਹੋਰ ਰੁਪਿਆ ਵੀ ਸ਼ਾਇਦ ਕਰੀਬ ਦੱਸ 10 ਹਜਾਰ ਦੇ ਆਇਆ ਹੋਵੇਗਾ ਕਿ ਜੋ ਨਾ ਕਿਤਾਬ ਲਈ ਚੰਦਾ ਸੀ ਅਤੇ ਨਾ ਕਿਤਾਬ ਦੀ ਕੀਮਤ ਵਿੱਚ ਦਿੱਤਾ ਗਿਆ ਸੀ ਸਗੋਂ ਕੁੱਝ ਅਰਦਾਸ ਦੇ ਇੱਛੁਕਾਂ ਨੇ ਕੇਵਲ ਨਜ਼ਰ ਵੱਜੋਂ ਦਿੱਤਾ ਜਾਂ ਕੁੱਝ ਦੋਸਤਾਂ ਨੇ ਪ੍ਰੇਮ ਨਾਲ ਸੈਵਾ ਕੀਤੀ । ਸੋ ਉਹ ਸਾਰੇ ਇਸ ਕਾਰਖਾਨੇ ਦੇ ਜ਼ਰੂਰੀ ਅਤੇ ਪੈਸ਼ ਆਉਣ ਵਾਲੇ ਕੰਮਾਂ ਵਿੱਚ ਵੇਲ੍ਹੇ-ਕੁਵੇਲ੍ਹੇ ਖ਼ਰਚ ਹੁੰਦਾ ਰਿਹਾ ਅਤੇ ਕਿਉਂਕਿ ਰੱਬ ਦੀ ਰਜ਼ਾ ਨੇ ਕਿਤਾਬ ਦੇ ਪ੍ਰਕਾਸ਼ਣ ਦੇ ਸਿਲਸਿਲੇ ਨੂੰ ਦੇਰੀ ਵਿੱਚ ਪਾਇਆ ਹੋਇਆ ਸੀ ਇਸੇ ਲਈ ਉਸ ਲਈ ਦੂਜੀ ਮਹੱਤਵਪੂਰਣ ਸ਼ਾਖਾਵਾਂ ਜਿਹੜੀਆਂ ਰੱਬੀ ਹੁਕਮ ਅਨੁਸਾਰ ਜਾਰੀ ਸਨ ਕੁੱਝ ਬਚਤ ਨਿਕਲ ਨਹੀਂ ਸਕੀ ਅਤੇ ਕਿਤਾਬ ਦੇ ਪ੍ਰਕਾਸ਼ਨ ਵਿੱਚ ਦੇਰੀ ਵਿੱਚ ਇਹੋ ਹਿਕਮਤ ਸੀ ਕਿ ਤਾਂ ਇਸ ਸਮੇਂ ਵਿੱਚ ਕੁੱਝ ਤੱਥ ਅਤੇ ਹਕੀਕਤਾਂ ਪ੍ਰਕਾਸ਼ਕ ਉੱਤੇ ਪੂਰਨ ਰੂਪ ਵਿੱਚ ਖੁੱਲ੍ਹ ਜਾਣ ਅਤੇ ਵਿਰੋਧੀਆਂ ਦੇ ਸਾਰੇ ਬੁਖਾਰ ਬਾਹਰ ਨਿਕਲ ਆਉਣ । ਹੁਣ ਜੋ ਰੱਬੀ ਈਰਾਦਾ ਫਿਰ ਇਸ ਪਾਸੇ ਮੁੜ੍ਹਿਆ ਕਿ ਬਾਕੀ ਸੰਪਾਦਨਾਵਾਂ ਦੀ ਪੂਰਤੀ ਹੋਵੇ ਤਾਂ ਉਸ ਨੇ ਇਸ ਸੱਦੇ ਦਾ ਲੇਖ ਲਿੱਖਣ ਵੱਲ੍ਹ ਮੇਰਾ ਧਿਆਨ ਖਿਚਿਆ। ਸੋ ਇਸ ਸਮੇਂ ਮੈਨੂੰ ਸੰਪਾਦਨਾਵਾਂ ਦੀ ਪੂਰਨਤਾ ਦੀ ਬਹੁਤ ਜ਼ਰੂਰਤ ਹੈ । ਬਰਾਹੀਨ ਦਾ ਬਹੁਤ ਸਾਰਾ ਹਿੱਸਾ ਹੁਣ ਤੱਕ ਪ੍ਰਕਾਸ਼ਨਯੋਗ ਹੈ । ਜੇਕਰ ਉਹ ਤਿਆਰ ਹੋ ਜਾਵੇ ਤਾਂ ਖਰੀਦਦਾਰਾਂ ਨੂੰ ਅਤੇ ਉਨ੍ਹਾਂ ਸਾਰੀਆਂ ਨੂੰ ਭੇਜਾ ਜਾਵੇ ਜਿਨ੍ਹਾਂ

ਨੂੰ ਕੇਵਲ ਅੱਲਾਹ ਲਈ ਪਹਿਲੇ ਹਿੱਸੇ ਦਿੱਤੇ ਗਏ ਹਨ ਅਤੇ ਅੱਗੇ ਦੇਣ ਦਾ ਬਚਨ ਹੈ। ਇੰਝ ਹੀ ਦੂਜੇ ਰਸਾਲੇ ਜਿਵੇਂ ਇਸ਼ਾਅਤ-ਉਲ-ਕੁਰਆਨ, ਸਿਰਾਜੇ ਮੁਨੀਰ, ਤੱਜਦੀਦੇ ਦੀਨ, ਅਰਬਈਨ-ਫੀ-ਅਲਾਮਾਤੇ-ਅਲ-ਮੁਕਰਬੀਨ ਤੇ ਕੁਰਆਨ ਸ਼ਰੀਫ ਦੀ ਇੱਕ ਵਿਆਖਿਆ ਲਿੱਖਣ ਦਾ ਵੀ ਇਰਾਦਾ ਹੈ ਅਤੇ ਇਹ ਵੀ ਦਿਲ੍ਹ ਵਿੱਚ ਜੋਸ਼ ਹੈ ਕਿ ਈਸਾਈ ਆਦਿ ਝੂੱਠੇ ਧਰਮ ਦੇ ਰੱਦ ਵਿੱਚ ਅਤੇ ਉਨ੍ਹਾਂ ਦੇ ਸਮਾਚਾਰ ਪੱਤਰਾਂ ਦੇ ਮੁਕਾਬਲੇ ਉੱਤੇ ਮਾਸਿਕ ਇੱਕ ਰਸਾਲਾ ਨਿਕਲਿਆ ਕਰੇ ਅਤੇ ਇਨ੍ਹਾਂ ਸਾਰੇ ਕਾਰਜਾਂ ਦੇ ਨਿਰੰਤਰ ਜਾਰੀ ਰਹਿਣ ਲਈ ਪੂੰਜੀ ਦੇ ਪ੍ਰਬੰਧ ਅਤੇ ਆਰਥਿਕ ਮਦਦ ਤੋਂ ਬਿਨ੍ਹਾਂ ਹੋਰ ਕੋਈ ਰੋਕ ਵਿਚਕਾਰ ਨਹੀਂ। ਜੇਕਰ ਸਾਨੂੰ ਇਹ ਮਿਲ ਜਾਵੇ ਕਿ ਇੱਕ ਪ੍ਰੈਸ ਸਾਡੀ ਹੋਵੇ ਅਤੇ ਇੱਕ ਕਾਪੀ ਲਿੱਖਣ ਵਾਲਾ ਹਮੇਸ਼ਾ ਸਾਡੇ ਕੋਲ੍ਹ ਰਹੇ ਅਤੇ ਸਾਰੇ ਜ਼ਰੂਰੀ ਸਮਾਨ ਦੀ ਪ੍ਰਾਪਤੀ ਸਾਨੂੰ ਹੋਵੇ ਅਰਥਾਤ ਜੋ ਕੁੱਝ ਕਾਗ਼ਜ਼ ਅਤੇ ਛਪਾਈ ਅਤੇ ਕਾਪੀ ਲਿੱਖਣ ਵਾਲੀਆਂ ਦੇ ਵੇਤਨ ਵਿੱਚ ਖ਼ਰਚ ਹੁੰਦਾ ਹੈ ਉਹ ਸਾਰੇ ਖ਼ਰਚੇ ਸਮੇਂ ਸਮੇਂ ਉੱਤੇ ਆਪ ਪਹੁੰਚਦੇ ਰਹਿਣ ਤਾਂ ਇਨ੍ਹਾਂ ਪੰਜਾਂ ਸ਼ਾਖਾਵਾਂ ਵਿੱਚੋਂ ਇਸ ਇੱਕ ਸ਼ਾਖਾ ਦੇ ਸੰਪੂਰਨ ਰੂਪ ਵਿੱਚ ਚੱਲ੍ਹਣ ਦਾ ਕਾਫ਼ੀ ਪ੍ਰਬੰਧ ਹੋ ਜਾਵੇਗਾ।

ਹੇ ਭਾਰਤ ਦੇਸ਼ ਕੀ ਤੇਰੇ ਵਿੱਚ ਕੋਈ ਅਜਿਹਾ ਹਿੰਮਤੀ ਅਮੀਰ ਨਹੀਂ ਕਿ ਜੇਕਰ ਹੋਰ ਨਹੀਂ ਤਾਂ ਕੇਵਲ ਇਸੇ ਸ਼ਾਖਾ ਦੇ ਖ਼ਰਚੇ ਚੁੱਕਣ ਵਾਲਾ ਹੋ ਸਕੇ। ਜੇਕਰ ਸਮਰਥਾ ਰੱਖਣ ਵਾਲੇ ਪੰਜ ਮੋਮਿਨ ਇਸ ਸਮੇਂ ਨੂੰ ਪਹਿਚਾਣ ਲੈਣ ਤਾਂ ਇਨ੍ਹਾਂ ਪੰਜਾਂ ਸ਼ਾਖਾਵਾਂ ਦਾ ਪ੍ਰਬੰਧ ਆਪਣੇ ਆਪਣੇ

ਜ਼ਿੰਮੇ ਲੈ ਸਕਦੇ ਹਨ। ਹੇ ਰੱਬ ਤੂੰ ਆਪ ਇਨ੍ਹਾਂ ਦਿਲ੍ਹਾਂ ਨੂੰ ਜਗ੍ਹਾ ਇਸਲਾਮ ਉੱਤੇ ਹਾਲੇ ਅਜਿਹੀ ਗ਼ਰੀਬੀ ਨਹੀਂ ਆਈ। ਕੰਜੂਸੀ ਹੈ ਅਜਿਹੀ ਗਰੀਬੀ ਨਹੀਂ। ਅਤੇ ਉਹ ਲੋਕ ਜਿਹੜ੍ਹੇ ਸੰਪੂਰਨ ਸਮਰਥਾ ਨਹੀਂ ਰੱਖਦੇ ਉਹ ਵੀ ਇੰਝ ਇਸ ਕਾਰਖਾਨੇ ਦੀ ਮਦਦ ਕਰ ਸਕਦੇ ਹਨ, ਆਪਣੀ ਆਪਣੀ ਵਿੱਤੀ ਤਾਕਤ ਦੇ ਅਨੁਕੂਲ ਮਾਸਿਕ ਮਦਦ ਵੱਜੋਂ ਪੱਕੇ ਬਚਨ ਨਾਲ ਕੁੱਝ ਕੁੱਝ ਪੈਸੇ ਇਸ ਕਾਰਖਾਨੇ ਦੇ ਨਜ਼ਰ ਕਰਨ। ਸੁਸਤੀ ਅਤੇ ਉਦਾਸੀਨਤਾ ਅਤੇ ਬਦਨੀਤੀ ਨਾਲ ਕਦੇ ਵੀ ਧਰਮ ਨੂੰ ਲਾਭ ਨਹੀਂ ਪਹੁੰਚਦਾ। ਬਦਨੀਤੀ ਘਰਾਂ ਦੀ ਉਜਾੜ੍ਹਣ ਵਾਲੀ ਅਤੇ ਦਿਲ੍ਹਾਂ ਵਿੱਚ ਫੂਟ ਪਾਉਣ ਵਾਲੀ ਹੈ। ਵੇਖੋ ਜਿੰਨ੍ਹਾਂ ਨੇ ਨਬੀਆਂ ਦਾ ਸਮਾਂ ਪਾਇਆ ਉਨ੍ਹਾਂ ਨੇ ਧਰਮ ਦੇ ਪ੍ਰਸਾਰ ਲਈ ਕਿਵੇਂ ਕਿਵੇਂ ਜਤਨ ਕੀਤੇ ਜਿਵੇਂ ਇੱਕ ਅਮੀਰ ਨੇ ਧਰਮ ਦੀ ਰਾਹ ਵਿੱਚ ਆਪਣਾ ਪਿਆਰਾ ਮਾਲ ਪੈਸ਼ ਕੀਤਾ ਇੰਝ ਹੀ ਇੱਕ ਫ਼ਕੀਰ ਦਰ ਦਰ ਮੰਗਣ ਵਾਲੇ ਨੇ ਆਪਣੇ ਮੰਨ ਭਾਉਂਦੇ ਸੁਆਦੀ ਟੁਕੜਿਆਂ ਦਾ ਭਰਿਆ ਹੋਇਆ ਠੂਠਾ (ਕਸ਼ਕੋਲ) ਪੈਸ਼ ਕਰ ਦਿੱਤਾ। ਅਤੇ ਇੰਝ ਹੀ ਕੀਤਾ ਗਿਆ ਜੱਦ ਤੱਕ ਕਿ ਰੱਬ ਵੱਲ੍ਹੋਂ ਜਿੱਤ ਦਾ ਸਮਾਂ ਆ ਗਿਆ। ਮੁਸਲਮਾਨ ਬਣਨਾ ਸੌਖਾ ਨਹੀਂ। ਮੋਮਿਨ ਦਾ ਸਰਨਾਵਾਂ ਪਾਉਣਾ ਸੌਖਾ ਨਹੀਂ। ਸੋ ਹੇ ਲੋਕੋਂ ! ਜੇਕਰ ਤੁਹਾਡੇ ਵਿੱਚ ਉਹ ਸੱਚਾਈ ਦੀ ਰੂਹ ਹੈ ਜਿਹੜੀ ਮੋਮਿਨਾਂ ਨੂੰ ਦਿੱਤੀ ਜਾਂਦੀ ਹੈ ਤਾਂ ਮੇਰੇ ਇਸ ਸੱਦੇ ਨੂੰ ਆਮ ਨਜ਼ਰ ਨਾਲ ਨਾ ਵੇਖੋ। ਨੇਕੀ ਪ੍ਰਾਪਤ ਕਰਨ ਦੀ ਚਿੰਤਾ ਕਰੋ ਕਿ

ਰੱਬ ਤੁਹਾਨੂੰ ਆਕਾਸ਼'ਤੋਂ ਵੇਖ ਰਿਹਾ ਹੈ ਕਿ ਤੁਸੀਂ ਇਸ ਸੁਨੇਹੇ ਨੂੰ ਸੁਣ ਕੇ ਕੀ ਜਵਾਬ ਦਿੰਦੇ ਹੋ ।

ਹੇ ਮੁਸਲਮਾਨੋਂ ! ਜੋ ਪੱਕੇ ਮੋਮਿਨਾਂ ਦੇ ਬਚੇ ਹੋਏ ਨਿਸ਼ਾਨ ਹੋ ਅਤੇ ਨੇਕ ਲੋਕਾਂ ਦੀ ਔਲਾਦ ਹੋ ਇਨਕਾਰ ਅਤੇ ਬਦਨੀਤੀ ਵੱਲ੍ਹ ਜਲਦੀ ਨਾ ਕਰੋ ਅਤੇ ਉਸ ਭਿਆਨਕ ਮਹਾਮਾਰੀ ਤੋਂ ਡਰੋ ਜੋ ਤੁਹਾਡੇ ਆਂਡ ਗੁਆਂਡ ਫੈਲ੍ਹ ਰਹੀ ਹੈ ਅਤੇ ਬਥੇਰੇ ਲੋਕ ਉਸ ਦੇ ਧੋਖੇ ਵਿੱਚ ਆ ਗਏ ਹਨ। ਤੁਸੀਂ ਵੇਖਦੇ ਹੋ ਕਿ ਕਿਨ੍ਹੇ ਜ਼ੋਰ ਨਾਲ ਇਸਲਾਮ ਦੇ ਮਿਟਾਉਣ ਲਈ ਕੋਸ਼ਿਸ਼ਾਂ ਹੋ ਰਹੀਆਂ ਹਨ। ਕੀ ਤੁਹਾਡੇ ਉੱਤੇ ਇਹ ਲਾਜ਼ਮ ਨਹੀਂ ਕਿ ਤੁਸੀਂ ਵੀ ਕੋਸ਼ਿਸ਼ ਕਰੋ । ਇਸਲਾਮ ਮਨੁੱਖ ਵੱਲੋਂ ਨਹੀਂ ਕਿ ਤਾਂ ਮਨੁੱਖੀ ਕੋਸ਼ਿਸ਼ਾਂ ਨਾਲ ਬਰਬਾਦ ਹੋ ਸਕੇ ਪਰ ਅਫ਼ਸੋਸ ਉਨ੍ਹਾਂ ਉੱਤੇ ਹੈ ਕਿ ਜਿਹੜ੍ਹੇ ਇਸ ਨੂੰ ਉਖਾੜ੍ਹਨ ਲਈ ਉਤਾਰੂ ਹਨ ਅਤੇ ਫ਼ਿਰ ਦੂਜਾ ਅਫ਼ਸੋਸ ਉਨ੍ਹਾਂ ਉੱਤੇ ਹੈ ਜਿਹੜ੍ਹੇ ਆਪਣੀਆਂ ਔਰਤਾਂ ਤੇ ਆਪਣੇ ਬੱਚਿਆਂ ਤੇ ਆਪਣੇ ਮੌਜ ਮੇਲ੍ਹੇ ਲਈ ਤਾਂ ਉਨ੍ਹਾਂ ਕੋਲ੍ਹ ਸਭ ਕੁੱਝ ਹੈ ਪਰ ਇਸਲਾਮ ਦੇ ਹਿੱਸੇ ਦਾ ਉਨ੍ਹਾਂ ਦੀ ਜੇਬ ਵਿੱਚ ਕੁੱਝ ਨਹੀਂ। ਹੇ ਨਿਕੰਮੋਂ ! ਤੁਹਾਡੇ ਉੱਤੇ ਅਫ਼ਸੋਸ ! ਕਿ ਆਪ ਤਾਂ ਤੁਸੀਂ ਇਸਲਾਮ ਦੇ ਨਾਂ ਦੀ ਬੁਲੰਦੀ ਅਤੇ ਧਾਰਮਿਕ ਰੌਸ਼ਨੀ ਵਿਖਾਉਣ ਦੀ ਕੁੱਝ ਸ਼ਕਤੀ ਨਹੀਂ ਰੱਖਦੇ ਪਰ ਰੱਬ ਦੇ ਸਥਾਪਿਤ ਕਾਰਖਾਨੇ ਨੂੰ ਵੀ ਜੋ ਇਸਲਾਮ ਦੀ ਚਮਕਾਰ ਵਿਖਾਉਣ ਲਈ ਆਇਆ ਹੈ ਸ਼ੁਕਰ ਨਾਲ ਸਵੀਕਾਰ ਨਹੀਂ ਕਰਦੇ । ਅੱਜ ਕੱਲ੍ਹ ਇਸਲਾਮ ਉਸ ਚਿਰਾਗ ਵਾਂਗ ਹੈ ਜੋ ਇੱਕ ਸੰਦੂਕ ਵਿੱਚ ਬੰਦ ਹੋਵੇ ਜਾਂ ਉਸ ਮਿੱਠੇ ਚਸ਼ਮੇ

ਵਾਂਗ ਹੈ ਜਿਹੜਾ ਸੁੱਕੇ ਘਾਹ ਬੂਟ ਨਾਲ ਲੁਕਾ ਦਿੱਤਾ ਜਾਵੇ । ਇਸੇ ਕਰਕੇ ਇਸਲਾਮ ਉਤਾਰੇ ਦੀ ਹਾਲਤ ਵਿੱਚ ਪਿਆ ਹੈ । ਉਸ ਦਾ ਸੁੰਦਰ ਚਿਹਰਾ ਵਿਖਾਈ ਨਹੀਂ ਦਿੰਦਾ । ਉਸ ਦਾ ਖ਼ੂਬਸੂਰਤ ਰੰਗ ਨਜ਼ਰ ਨਹੀਂ ਆਉਂਦਾ ਮੁਸਲਮਾਨਾਂ ਦਾ ਕਰਤੱਵ ਸੀ ਕਿ ਉਸ ਦੀ ਪਿਆਰੀ ਸ਼ਕਲ ਵਿਖਾਉਣ ਲਈ ਜਾਨ ਤੋੜ ਕੋਸ਼ਿਸ਼ਾਂ ਕਰਦੇ ਅਤੇ ਮਾਲ ਕੀ, ਸਗੋਂ ਖ਼ੂਨ ਨੂੰ ਵੀ ਪਾਣੀ ਵਾਂਗ ਵਹਾਉਂਦੇ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ । ਉਹ ਆਪਣੀ ਅਥਾਹ ਨਾ ਸਮਝੀ ਕਰਕੇ ਇਸ ਗ਼ਲਤੀ ਵਿੱਚ ਵੀ ਫ਼ਸੇ ਹੋਏ ਹਨ ਕਿ ਕੀ ਪਹਿਲੇ ਪ੍ਰਕਾਸ਼ਨ ਕਾਫ਼ੀ ਨਹੀਂ । ਨਹੀਂ ਜਾਣਦੇ ਕਿ ਆਧੁਨਿਕ ਫ਼ਸਾਦਾਂ ਦੇ ਦੂਰ ਕਰਨ ਲਈ ਜਿਹੜੇ ਆਧੁਨਿਕ ਤੋਂ ਆਧੁਨਿਕ ਢੰਗਾਂ ਵਿੱਚ ਪ੍ਰਕਟ ਹੁੰਦੇ ਜਾਂਦੇ ਹਨ ਮੁਕਾਬਲਾ ਵੀ ਆਧੁਨਿਕ ਰੂਪ ਦਾ ਹੀ ਜ਼ਰੂਰੀ ਹੈ ਅਤੇ ਫਿਰ ਹਰ ਇੱਕ ਜ਼ਮਾਨੇ ਵਿੱਚ ਹਨ੍ਹੇਰ ਫੈਲਣ ਸਮੇਂ ਜਿਹੜੇ ਨਬੀ ਤੇ ਰਸੂਲ ਅਤੇ ਸੁਧਾਰਕ ਆਉਂਦੇ ਰਹੇ ਕੀ ਉਸ ਸਮੇਂ ਪਹਿਲੀ ਕਿਤਾਬਾਂ ਨਹੀਂ ਸਨ ਸੋ ਭਰਾਵੋਂ ਇਹ ਤਾਂ ਜ਼ਰੂਰੀ ਹੈ ਕਿ ਹਨ੍ਹੇਰ ਫੈਲਣ ਸਮੇਂ ਪ੍ਰਕਾਸ਼ ਆਕਾਸ਼ ਤੋਂ ਉਤਰੇ। ਮੈਂ ਇਸੇ ਲੇਖ ਵਿੱਚ ਬਿਆਨ ਕਰ ਚੁੱਕਿਆ ਹਾਂ ਕਿ ਰੱਬ ਸੂਰਹ ਅਲ-ਕਦਰ ਵਿੱਚ ਬਿਆਨ ਕਰਦਾ ਹੈ । ਸਗੋਂ ਮੋਮਿਨਾਂ ਨੂੰ ਖ਼ੁਸ਼ਖ਼ਬਰੀ ਦਿੰਦਾ ਹੈ ਕਿ ਉਸ ਦਾ ਕਲਾਮ ਤੇ ਉਸ ਦਾ ਨਬੀ ਕਦਰ ਦੀ ਰਾਤ ਵਿੱਚ ਆਕਾਸ਼ ਤੋਂ ਆਏ ਹਨ ਅਤੇ ਹਰ ਇੱਕ ਸੁਧਾਰਕ ਅਤੇ ਮੁਜੱਦਿਦ ਜੋ ਰੱਬ ਵੱਲੋਂ ਆਉਂਦਾ ਹੈ ਉਹ ਕਦਰ ਦੀ ਰਾਤ ਵਿੱਚ ਹੀ ਆਉਂਦਾ ਹੈ । ਤੁਸੀਂ ਸਮਝਦੇ ਹੋ ਕਿ ਕਦਰ ਦੀ ਰਾਤ ਕੀ ਚੀਜ਼ ਹੈ ?

ਕਦਰ ਦੀ ਰਾਤ ਉਸ ਹਨ੍ਹੇਰ ਜ਼ਮਾਨੇ ਦਾ ਨਾਂ ਹੈ ਜਿਸ ਦਾ ਹਨ੍ਹੇਰਾ ਪੂਰਨਤਾ ਦੀ ਸੀਮਾ ਤੱਕ ਪਹੁੰਚ ਜਾਂਦਾ ਹੈ ਇਸੇ ਲਈ ਉਹ ਜ਼ਮਾਨਾ ਕੁਦਰਤੀ ਮੰਗ ਕਰਦਾ ਹੈ ਕਿ ਇੱਕ ਨੂਰ ਆਏ ਜੋ ਉਸ ਹਨ੍ਹੇਰੇ ਨੂੰ ਦੂਰ ਕਰੇ । ਇਸ ਜ਼ਮਾਨੇ ਦਾ ਨਾਂ ਉਪਮਾ ਵੱਜੋਂ ਕਦਰ ਦੀ ਰਾਤ ਰੱਖਿਆ ਗਿਆ ਹੈ । ਪਰ ਵਾਸਤਵ'ਚ ਇਹ ਰਾਤ ਨਹੀਂ ਹੈ । ਇਹ ਇੱਕ ਜ਼ਮਾਨਾ ਹੈ ਜੋ ਅੰਧਕਾਰ ਕਰਕੇ ਰਾਤ ਵਾਂਗ ਹੈ । ਨਬੀ ਦਾ ਦੇਹਾਂਤ ਜਾਂ ਉਸ ਦੇ ਅਧਿਆਤਮਿਕ ਉਤਰਾਧਿਕਾਰੀ ਦੀ ਮੌਤ ਪਿਛੋਂ ਜੱਦ ਹਜ਼ਾਰ ਮਹੀਨੇ ਜੋ ਮਾਨਵੀ ਉਮਰ ਦੇ ਕਾਰ ਦਾ ਲਗਭਗ ਅੰਤ ਕਰਨ ਵਾਲਾ ਅਤੇ ਮਨੁੱਖੀ ਬੋਧ ਦੇ ਅੰਤ ਦੀ ਸੁਚਨਾ ਦੇਣ ਵਾਲਾ ਹੈ ਲੰਘ ਜਾਂਦੇ ਹਨ ਤਾਂ ਇਹ ਰਾਤ ਆਪਣਾ ਰੰਗ ਜਮਾਉਣ ਲੱਗਦੀ ਹੈ । ਤੱਦ ਆਕਾਸ਼ੀ ਕਾਰਵਾਈ ਨਾਲ ਇੱਕ ਜਾਂ ਕਈ ਸੁਧਾਰਕ ਗੁਪਤ ਰੂਪ ਵਿੱਚ ਬੀਜਾ ਰੋਪਣ ਕੀਤਾ ਜਾਂਦਾ ਹੈ ਜੋ ਨਵੀਂ ਸਦੀ ਦੇ ਸਿਰ ਉੱਤੇ ਪ੍ਰਕਟ ਹੋਣ ਲਈ ਅੰਦਰ ਹੀ ਅੰਦਰ ਤਿਆਰ ਹੋ ਰਹੇ ਹੁੰਦੇ ਹਨ ਇਸੇ ਵੱਲ੍ਹ ਵੱਡੇ ਜਲਾਲ ਵਾਲਾ ਰੱਬ ਸੰਕੇਤ ਕਰਦਾ ਹੈ ਕਿ لَيْلَةُ الْقَدْرِ خَيْرٌ مِنْ أَلْفِ شَهْرٍ (ਅਲ-ਕਦਰ:4) ਅਰਥਾਤ ਇਸ ਕਦਰ ਦੀ ਰਾਤ[7] ਦੇ ਨੂਰ ਨੂੰ ਦੇਖਣ ਵਾਲਾ ਅਤੇ ਸਮੇਂ ਦੇ ਸੁਧਾਰਕਾਂ ਦੀ ਸੰਗਤ ਤੋਂ ਸਨਮਾਨ ਪ੍ਰਾਪਤ ਕਰਨ ਵਾਲਾ ਉਸ ਅੱਸੀ 80 ਸਾਲ ਦੇ ਬੁੱਢੇ ਤੋਂ ਚੰਗਾ ਹੈ ਜਿਸ ਨੇ ਇਸ ਨੂਰ ਭਰੇ ਸਮੇਂ ਨੂੰ ਨਹੀਂ ਪਾਇਆ। ਅਤੇ ਜੇਕਰ ਇੱਕ ਘੜ੍ਹੀ ਵੀ ਇਸ ਸਮੇਂ ਨੂੰ ਪਾ ਲਿਆ ਹੈ ਤਾਂ

[7] ਸ਼ਾਨਦਾਰ ਤਕਦੀਰਾਂ ਵਾਲੀ ਰਾਤ

ਇਹ ਇੱਕ ਘੜ੍ਹੀ ਉਸ ਹਜ਼ਾਰ ਮਹੀਨਿਆਂ ਤੋਂ ਚੰਗੀ ਹੈ ਜਿਹੜ੍ਹੀ ਪਹਿਲਾਂ ਲੰਘ ਚੁੱਕੀ। ਕਿਉਂ ਚੰਗੀ ਹੈ ? ਇਸ ਲਈ ਕਿ ਇਸ ਕਦਰ ਦੀ ਰਾਤ ਵਿੱਚ ਰੱਬ ਦੇ ਫ਼ਰਿਸ਼ਤੇ ਅਤੇ ਪਵਿੱਤਰ ਰੂਹਾਂ ਉਸ ਸੁਧਾਰਕ ਦੇ ਨਾਲ ਜਲਾਲ ਵਾਲੇ ਰੱਬ ਦੇ ਹੁਕਮ ਅਨੁਸਾਰ ਆਕਾਸ਼ ਤੋਂ ਆਉਂਦੇ ਹਨ । ਨਾ ਕੇਵਲ ਵਿਅਰਥ ਸਗੋਂ ਇਸ ਲਈ ਕਿ ਜੋ ਉਹ ਤਤਪਰ ਦਿਲ੍ਹਾਂ ਉੱਤੇ ਨਾਜ਼ਲ ਹੋਣ ਅਤੇ ਸਲਾਮਤੀ ਦੇ ਮਾਰਗ ਖੋਲ੍ਹਣ । ਸੋ ਉਹ ਸਾਰੇ ਮਾਰਗਾਂ ਦੇ ਖੋਲ੍ਹਣ ਅਤੇ ਸਾਰੇ ਪਰਦਿਆਂ ਦੇ ਚੁੱਕਣ ਵਿੱਚ ਰੁੱਝੇ ਰਹਿੰਦੇ ਹਨ ਇੱਥੋਂ ਤੱਕ ਕਿ ਲਾਪਰਵਾਹੀ ਦਾ ਅੰਧਕਾਰ ਦੂਰ ਹੋ ਕੇ ਮਾਰਗ ਦਰਸ਼ਨ ਦੀ ਸਵੇਰ ਪ੍ਰਕਟ ਹੋ ਜਾਂਦੀ ਹੈ ।

ਹੁਣ ਹੇ ਮੁਸਲਮਾਨੋਂ ! ਧਿਆਨ ਨਾਲ ਇਨ੍ਹਾਂ ਆਇਤਾਂ ਨੂੰ ਪੜ੍ਹੋ ਕਿ ਰੱਬ ਉਸ ਯੁਗ ਦੀ ਕਿਨ੍ਹੀਂ ਪ੍ਰਸ਼ੰਸਾ ਬਿਆਨ ਕਰਦਾ ਹੈ ਜਿਸ ਵਿੱਚ ਲੋੜ੍ਹ ਸਮੇਂ ਕਿਸੇ ਸੁਧਾਰਕ ਨੂੰ ਸੰਸਾਰ ਵਿੱਚ ਭੇਜਦਾ ਹੈ । ਕੀ ਤੁਸੀਂ ਅਜਿਹੇ ਜ਼ਮਾਨੇ ਦਾ ਸਤਿਕਾਰ ਨਹੀਂ ਕਰੋਗੇ । ਕੀ ਤੁਸੀਂ ਰੱਬ ਦੇ ਹੁਕਮਾਂ ਨੂੰ ਮਖੌਲ ਦੀ ਨਜ਼ਰ ਨਾਲ ਵੇਖੋਗੇ ?

ਸੋ ਹੇ ਕੁਦਰਤ ਰੱਖਣ ਵਾਲੇ ਮੁਸਲਮਾਨੋਂ ! ਵੇਖੋ ਮੈਂ ਇਹ ਪੈਗ਼ਾਮ ਤੁਹਾਨੂੰ ਪਹੁੰਚਾ ਦਿੰਦਾ ਹਾਂ ਕਿ ਆਪ ਲੋਕਾਂ ਨੂੰ ਇਸ ਸੁਧਾਰਕੀ ਕਾਰਖਾਨੇ ਦੀ ਜੋ ਰੱਬ ਵੱਲੋਂ ਨਿਕਲਿਆ ਹੈ ਆਪਣੇ ਸਾਰੇ ਦਿੱਲ੍ਹ ਤੇ ਸਾਰੇ ਧਿਆਨ ਅਤੇ ਸਾਰੀ ਸ਼ਰਧਾ ਨਾਲ ਮਦਦ ਕਰਨੀ ਚਾਹੀਦੀ ਹੈ ਅਤੇ ਇਸ ਦੇ ਸਾਰੇ ਪੱਖਾਂ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖ ਕੇ ਬਹੁਤ ਛੇਤੀ ਸੈਵਾ ਦਾ ਹੱਕ

ਪੂਰਾ ਕਰਨਾ ਚਾਹੀਦਾ ਹੈ। ਜੋ ਆਪਣੀ ਸਮਰਥਾ ਦੇ ਅਨੂਸਾਰ ਕੁੱਝ ਮਾਸਿਕ ਦੇਣਾ ਚਾਹੁੰਦਾ ਹੈ ਉਹ ਉਸ ਨੂੰ ਲਾਜ਼ਮੀ ਹੱਕ ਤੇ ਦਾਤ ਵੱਜੋਂ ਸਮਝ ਕੇ ਆਪਣੇ ਆਪ ਮਾਸਿਕ ਆਪਣੀ ਚਿੰਤਾ ਨਾਲ ਦੇਵੇ ਅਤੇ ਇਸ ਕਰਤਵ ਨੂੰ ਕੇਵਲ ਰੱਬ ਲਈ ਨਜ਼ਰ ਤੈਅ ਕਰਕੇ ਉਸ ਦੇ ਦੇਣ ਵਿੱਚ ਦੇਰ ਜਾਂ ਸੁਸਤੀ ਨਾ ਕਰੇ। ਅਤੇ ਜੋ ਇੱਕੋ ਵਾਰ ਮਦਦ ਵੱਜੋਂ ਦੇਣਾ ਚਾਹੁੰਦਾ ਹੈ ਉਹ ਇੰਝ ਹੀ ਦੇਵੇ ਪਰ ਯਾਦ ਰਹੇ ਕਿ ਅਸਲ ਉਦੇਸ਼ ਜਿਸ ਉੱਤੇ ਇਸ ਸਿਲਸਿਲੇ ਦੇ ਬਿਨ੍ਹਾਂ ਰੁਕੇ ਚਲ੍ਹਣ ਦੀ ਉਮੀਦ ਹੈ ਉਹ ਇਹੀ ਵਿਵਸਥਾ ਹੈ ਕਿ ਧਰਮ ਦੇ ਜਗਿਆਸੂ ਆਪਣੀ ਪੂੰਜੀ ਅਤੇ ਆਪਣੀ ਸ਼ਕਤੀ ਦੇ ਆਧਾਰ ਉੱਤੇ ਅਜਿਹੀ ਆਸਾਨ ਰਕਮਾਂ ਮਾਸਿਕ ਦੇਣਾ ਆਪਣੇ ਉੱਤੇ ਇੱਕ ਅੰਤਮ ਬਚਨ ਠਹਿਰਾ ਲੈਣ ਜਿਨ੍ਹਾਂ ਨੂੰ ਕੋਈ ਅਚਾਨਕ ਰੁਕਾਵਟ ਪੈਸ਼ ਨਾ ਆਉਣ ਦੀ ਸ਼ਕਲ ਵਿੱਚ ਆਸਾਨੀ ਨਾਲ ਅਦਾ ਕਰ ਸਕਣ। ਹਾਂ ਜਿਸ ਨੂੰ ਸਰਬ ਸ਼ਕਤੀਮਾਨ ਰੱਬ ਸਮਰਥਾ ਅਤੇ ਖੁਲ੍ਹਾ ਦਿੱਲ੍ਹ ਬਖ਼ਸ਼ੇ ਉਹ ਇਸ ਮਾਸਿਕ ਚੰਦੇ ਤੋਂ ਬਿਨ੍ਹਾਂ ਆਪਣੀ ਵੱਡੀ ਹਿੰਮਤ ਅਤੇ ਸਮਰਥਾ ਦੇ ਅਨੁਕੂਲ ਇੱਕੋ ਵਾਰ ਵੀ ਮਦਦ ਕਰ ਸਕਦਾ ਹੈ। ਅਤੇ ਤੁਸੀਂ ਹੇ ਮੇਰੇ ਦੋਸਤੋਂ ! ਮੇਰੇ ਪਿਆਰੋਂ ! ਮੇਰੀ ਹਸਤੀ ਦੇ ਦਰਖ਼ਤ ਦੀਆਂ ਹਰੀਆਂ ਭਰੀਆਂ ਸ਼ਾਖ਼ੋਂ ! ਜੋ ਰੱਬ ਦੀ ਮਿਹਰ ਨਾਲ ਜਿਹੜੀ ਤੁਹਾਡੇ ਉੱਤੇ ਹੈ ਮੇਰੀ ਬੈਅਤ ਦੇ ਸਿਲਸਿਲੇ ਵਿੱਚ ਦਾਖ਼ਲ ਹੋ ਅਤੇ ਆਪਣੀ ਜ਼ਿੰਦਗੀ ਆਪਣਾ ਆਰਾਮ ਆਪਣਾ ਮਾਲ ਇਸ ਰਾਹ ਵਿੱਚ ਕੁਰਬਾਨ ਕਰ ਰਹੇ ਹੋ। ਜੱਦ ਕਿ ਮੈਂ ਜਾਣਦਾ ਹਾਂ ਕਿ ਮੈਂ ਜੋ ਕੁੱਝ ਕਹਾਂ ਤੁਸੀਂ ਉਸ ਨੂੰ ਸਵੀਕਾਰ ਕਰਨਾ

ਆਪਣਾ ਮਾਣ ਸਮਝਣਾ ਅਤੇ ਜਿੱਥੇ ਤੱਕ ਤੁਹਾਡੀ ਸਮਰਥਾ ਹੈ ਸੰਕੋਚ ਨਹੀਂ ਕਰਨਾ ਪਰ ਮੈਂ ਇਸ ਸੈਵਾ ਲਈ ਪੱਕੇ ਤੌਰ ਉੱਤੇ ਆਪਣੀ ਜ਼ਬਾਨ ਤੋਂ ਤੁਹਾਡੇ ਉੱਤੇ ਕੁੱਝ ਲਾਜ਼ਮ ਨਹੀਂ ਕਰ ਸਕਦਾ ਤਾਂ ਕਿ ਤੁਹਾਡੀ ਸੈਵਾਵਾਂ ਮੇਰੇ ਕਹਿਣ ਦੀ ਮਜਬੂਰੀ ਉੱਤੇ ਨਹੀਂ ਸਗੋਂ ਆਪਣੀ ਖੁਸ਼ੀ ਨਾਲ ਹੋਣ। ਮੇਰਾ ਮਿੱਤਰ ਕੌਣ ਹੈ ? ਅਤੇ ਮੇਰਾ ਪਿਆਰਾ ਕੌਣ ? ਉਹੀ ਜੋ ਮੈਨੂੰ ਪਛਾਣਦਾ ਹੈ। ਮੈਨੂੰ ਕੌਣ ਪਛਾਣਦਾ ਹੈ ? ਕੇਵਲ ਉਹੀ ਜੋ ਮੇਰੇ ਉੱਤੇ ਵਿਸ਼ਵਾਸ ਰੱਖਦਾ ਹੈ ਕਿ ਮੈਂ ਭੇਜਿਆ ਗਿਆ ਹਾਂ। ਅਤੇ ਮੈਨੂੰ ਇੰਞ ਸਵੀਕਾਰ ਕਰਦਾ ਹੈ ਜਿਵੇਂ ਉਹ ਲੋਕ ਸਵੀਕਾਰ ਕੀਤੇ ਜਾਂਦੇ ਹਨ ਜਿਹੜੇ ਭੇਜੇ ਗਏ ਹੋਣ। ਦੁਨੀਆਂ ਮੈਨੂੰ ਸਵੀਕਾਰ ਨਹੀਂ ਕਰ ਸਕਦੀ ਕਿਉਂਕਿ ਮੈਂ ਦੁਨੀਆਂ ਵਿੱਚੋਂ ਨਹੀਂ ਹਾਂ। ਪਰ ਜਿਨ੍ਹਾਂ ਦੇ ਸੁਭਾਅ ਨੂੰ ਉਸ ਦੁਨੀਆਂ ਦਾ ਹਿੱਸਾ ਦਿੱਤਾ ਗਿਆ ਹੈ ਉਹ ਮੈਨੂੰ ਸਵੀਕਾਰ ਕਰਦੇ ਹਨ ਅਤੇ ਕਰਨਗੇ ਜੋ ਮੈਨੂੰ ਛੱਡਦਾ ਹੈ ਉਹ ਉਸ ਨੂੰ ਛੱਡਦਾ ਹੈ ਜਿਸ ਨੇ ਮੈਨੂੰ ਭੇਜਿਆ ਹੈ ਅਤੇ ਜੋ ਮੇਰੇ ਨਾਲ ਜੁੜ੍ਹਦਾ ਹੈ ਉਹ ਉਸ ਨਾਲ ਜੁੜ੍ਹਦਾ ਹੈ ਜਿਸ ਵੱਲੋਂ ਮੈਂ ਆਇਆ ਹਾਂ। ਮੇਰੇ ਹੱਥ ਵਿੱਚ ਇੱਕ ਚਿਰਾਗ ਹੈ ਜੋ ਮੇਰੇ ਕੋਲ੍ਹ ਆਉਂਦਾ ਹੈ ਜ਼ਰੂਰ ਉਹ ਉਸ ਰੌਸ਼ਨੀ ਤੋਂ ਹਿੱਸਾ ਲਏਗਾ। ਪਰ ਜੋ ਮਨੁੱਖ ਭਰਮ ਅਤੇ ਬਦਨੀਤੀ ਨਾਲ ਦੂਰ ਭੱਜਦਾ ਹੈ ਉਹ ਹਨ੍ਹੇਰੇ ਵਿੱਚ ਪਾ ਦਿੱਤਾ ਜਾਵੇਗਾ। ਇਸ ਜ਼ਮਾਨੇ ਦਾ ਮਜ਼ਬੂਤ ਕਿਲ੍ਹਾ ਮੈਂ ਹਾਂ ਜੋ ਮੇਰੇ ਵਿੱਚ ਦਾਖ਼ਲ ਹੁੰਦਾ ਹੈ ਉਹ ਚੋਰਾਂ ਤੇ ਡਾਕੂਆਂ ਅਤੇ ਦਰਿੰਦਿਆਂ ਤੋਂ ਆਪਣੀ ਜਾਨ ਬਚਾਏਗਾ। ਪਰ ਜੋ ਮੇਰੀ ਕੰਧਾਂ ਤੋਂ ਦੂਰ ਰਹਿਣਾ ਚਾਹੁੰਦਾ ਹੈ ਹਰ

ਪਾਸਿਓਂ ਉਸ ਨੂੰ ਮੌਤ ਦਾ ਸਾਮ੍ਹਣਾ ਹੈ । ਅਤੇ ਉਸ ਦੀ ਲਾਸ਼ ਵੀ ਸਲਾਮਤ ਨਹੀਂ ਰਹੇਗੀ । ਮੇਰੇ ਵਿੱਚ ਕੌਣ ਦਾਖ਼ਲ ਹੁੰਦਾ ਹੈ ਉਹੀ ਜੋ ਬੁਰਾਈ ਨੂੰ ਛੱਡਦਾ ਅਤੇ ਨੇਕੀ ਨੂੰ ਅਪਣਾਉਂਦਾ ਹੈ ਅਤੇ ਟੇਢੇਪਣ ਨੂੰ ਛੱਡਦਾ ਅਤੇ ਸੱਚਾਈ ਉੱਤੇ ਕਦਮ ਮਾਰਦਾ ਹੈ ਅਤੇ ਸ਼ੈਤਾਨ ਦੀ ਗੁਲਾਮੀ ਤੋਂ ਆਜਾਦ ਹੁੰਦਾ ਅਤੇ ਰੱਬ ਦਾ ਇੱਕ ਆਗਿਆਕਾਰ ਮਨੁੱਖ ਬਣ ਜਾਂਦਾ ਹੈ । ਹਰ ਇੱਕ ਜੋ ਇੰਝ ਕਰਦਾ ਹੈ ਉਹ ਮੇਰੇ ਵਿੱਚ ਹੈ ਅਤੇ ਮੈਂ ਉਸ ਵਿੱਚ ਹਾਂ । ਪਰ ਇੰਝ ਕਰਨ ਉੱਤੇ ਕੇਵਲ ਉਹੀ ਕੁਦਰਤ ਰੱਖਦਾ ਹੈ ਜਿਸ ਨੂੰ ਰੱਬ ਪਾਕ ਹਸਤੀ ਦੀ ਛਾਇਆ ਵਿੱਚ ਪਾਉਂਦਾ ਹੈ । ਤੱਦ ਉਹ ਉਸ ਦੀ ਹਸਤੀ ਦੇ ਨਰਕ ਦੇ ਅੰਦਰ ਆਪਣਾ ਪੈਰ ਰੱਖਦਾ ਹੈ ਤੱਦ ਉਹ ਅਜਿਹਾ ਠੰਡਾ ਹੋ ਜਾਂਦਾ ਹੈ ਕਿ ਜਿਵੇਂ ਉਸ ਵਿੱਚ ਕਦੇ ਅੱਗ ਨਹੀਂ ਸੀ । ਤੱਦ ਉਹ ਤਰੱਕੀ ਉੱਤੇ ਤਰੱਕੀ ਕਰਦਾ ਹੈ ਇੱਥੇ ਤੱਕ ਕਿ ਰੱਬ ਦੀ ਆਤਮਾ ਉਸ ਵਿੱਚ ਬਸੇਰਾ ਕਰਦੀ ਹੈ ਅਤੇ ਇੱਕ ਖਾਸ ਰੌਸ਼ਨੀ ਨਾਲ ਪਾਲਣਹਾਰ ਦਾ ਪਰਤੋਹ ਉਸ ਦੇ ਦਿੱਲ੍ਹ ਉੱਤੇ ਹੁੰਦਾ ਹੈ ਤੱਦ ਪੁਰਾਣੀ ਮਨੁੱਖਤਾ ਉਸ ਦੀ ਜਲ੍ਹ ਕੇ ਇੱਕ ਨਵੀਂ ਅਤੇ ਪਾਕ ਮਨੁੱਖਤਾ ਉਸ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਰੱਬ ਵੀ ਇੱਕ ਨਵਾਂ ਰੱਬ ਹੋ ਕੇ ਨਵੇਂ ਅਤੇ ਵਿਸ਼ੇਸ਼ ਰੂਪ ਉੱਤੇ ਉਸ ਨਾਲ ਸੰਬੰਧ ਫੜ੍ਹਦਾ ਹੈ ਅਤੇ ਸਵਰਗੀ ਜੀਵਨ ਦਾ ਸਾਰਾ ਪਾਕ ਸਮਾਨ ਇਸੇ ਦੁਨੀਆਂ ਵਿੱਚ ਉਸ ਨੂੰ ਮਿਲ ਜਾਂਦਾ ਹੈ ।

ਇੱਥੇ ਮੈਂ ਇਸ ਗੱਲ ਦੇ ਪ੍ਰਕਟ ਕਰਨ ਅਤੇ ਸ਼ੁਕਰ ਕਰਨ ਤੋਂ ਬਿਨ੍ਹਾਂ ਰਹਿ ਨਹੀਂ ਸਕਦਾ ਕਿ ਰੱਬ ਦੀ ਮਿਹਰ ਨੇ ਮੈਨੂੰ ਇਕੱਲਾ ਨਹੀਂ

ਛੱਡਿਆ । ਮੇਰੇ ਨਾਲ ਭਾਈਚਾਰੇ ਦਾ ਸੰਬੰਧ ਰੱਖਣ ਵਾਲੇ ਅਤੇ ਉਸ ਸਿਲਸਿਲੇ ਵਿੱਚ ਦਾਖਲ ਹੋਣ ਵਾਲੇ ਜਿਸ ਨੂੰ ਰੱਬ ਨੇ ਆਪਣੇ ਹੱਥੋਂ ਸਥਾਪਿਤ ਕੀਤਾ ਹੈ, ਪਿਆਰ ਅਤੇ ਸ਼ਰਧਾ ਦੇ ਰੰਗ ਨਾਲ ਇੱਕ ਅਜੀਬ ਤਰ੍ਹਾਂ ਨਾਲ ਰੰਗੀਨ ਹਨ ਮੇਰੀ ਮਿਹਨਤ ਨਾਲ ਨਹੀਂ, ਸਗੋਂ ਰੱਬ ਨੇ ਆਪਣੀ ਖਾਸ ਮਿਹਰ ਨਾਲ ਇਹ ਸੱਚਾਈ ਨਾਲ ਭਰੀਆਂ ਹੋਈਆਂ ਰੂਹਾਂ ਮੈਨੂੰ ਪ੍ਰਦਾਨ ਕੀਤੀਆਂ ਹਨ । ਸਭ ਤੋਂ ਪਹਿਲਾਂ ਮੈਂ ਆਪਣੇ ਇੱਕ ਰੂਹਾਨੀ ਭਾਈ ਦੀ ਚਰਚਾ ਕਰਨ ਲਈ ਦਿੱਲ੍ਹ ਵਿੱਚ ਜੋਸ਼ ਰੱਖਦਾ ਹਾਂ ਜਿਨ੍ਹਾਂ ਦਾ ਨਾਂ ਉਨ੍ਹਾਂ ਦੀ ਸ਼ਰਧਾ ਦੇ ਨੂਰ ਵਾਂਗ ਨੂਰ-ਉਦ-ਦੀਨ ਹੈ ਮੈਂ ਇਨ੍ਹਾਂ ਦੀ ਕੁੱਝ ਧਾਰਮਿਕ ਸੈਵਾਵਾਂ ਨੂੰ ਜਿਹੜ੍ਹੀਆਂ ਆਪਣੇ ਹਲਾਲ ਮਾਲ ਦੇ ਖ਼ਰਚ ਨਾਲ ਇਸਲਾਮ ਦੇ ਨਾਂ ਦੀ ਵਡਿਆਈ ਲਈ ਉਹ ਕਰ ਰਹੇ ਹਨ ਹਮੇਸ਼ਾ ਅਰਮਾਨ ਦੀ ਨਜ਼ਰ ਨਾਲ ਵੇਖਦਾ ਹਾਂ ਕਿ ਕਾਸ਼ ਉਹ ਸੈਵਾਵਾਂ ਮੈਥੋਂ ਵੀ ਅਦਾ ਹੋ ਸਕਦੀਆਂ । ਉਨ੍ਹਾਂ ਦੇ ਦਿੱਲ੍ਹ ਵਿੱਚ ਜੋ ਧਰਮ ਦੀ ਮਦਦ ਲਈ ਜੋਸ਼ ਭਰਿਆ ਹੈ ਉਸ ਦੇ ਖਿਆਲ ਨਾਲ ਰੱਬੀ ਕੁਦਰਤ ਦਾ ਨਕਸ਼ਾ ਮੇਰੀ ਅੱਖਾਂ ਮੋਹਰੇ ਆ ਜਾਂਦਾ ਹੈ ਕਿ ਉਹ ਕਿਵੇਂ ਆਪਣੇ ਬੰਦੀਆਂ ਨੂੰ ਆਪਣੇ ਵੱਲ੍ਹ ਖਿੱਚ ਲੈਂਦਾ ਹੈ । ਉਹ ਆਪਣੇ ਸਾਰੇ ਮਾਲ ਤੇ ਸਾਰੀ ਸ਼ਕਤੀ ਅਤੇ ਸਾਰੀ ਕੁਦਰਤ ਨਾਲ ਜਿਹੜ੍ਹੀ ਉਨ੍ਹਾਂ ਨੂੰ ਪ੍ਰਾਪਤ ਹੈ ਹਰ ਸਮੇਂ ਅੱਲਾਹ ਰਸੂਲ ਦੀ ਪਾਲਣਾ ਲਈ ਤਤਪਰ ਖੜ੍ਹੇ ਹਨ ਅਤੇ ਮੈਂ ਅਨੁਭਵ ਨਾਲ ਇਹ ਸਹੀ ਗਿਆਨ ਵਾਸਤਵ ਵਿੱਚ ਰੱਖਦਾ ਹਾਂ ਕਿ ਉਨ੍ਹਾਂ ਨੂੰ ਮੇਰੀ ਰਾਹ ਵਿੱਚ ਮਾਲ ਕੀ ਸਗੋਂ ਜਾਨ ਅਤੇ ਸਨਮਾਨ ਦਾ ਸੰਕੋਚ ਨਹੀਂ । ਅਤੇ ਜੇਕਰ

ਮੈਂ ਆਗਿਆ ਦਿੰਦਾ ਤਾਂ ਉਹ ਸਭ ਕੁੱਝ ਇਸ ਰਾਹ ਵਿੱਚ ਕੁਰਬਾਨ ਕਰਕੇ ਆਪਣੇ ਰੂਹਾਨੀ ਸਹਿਯੋਗ ਵਾਂਗ ਸਰੀਰਕ ਸਹਿਯੋਗ ਅਤੇ ਹਮੇਸ਼ਾ ਸੰਗਤ ਵਿੱਚ ਰਹਿਣ ਦਾ ਹੱਕ ਅਦਾ ਕਰਦੇ। ਉਨ੍ਹਾਂ ਦੀ ਚਿੱਠੀ ਦੀ ਕੁੱਝ ਸਤਰਾਂ ਉਦਾਹਰਨ ਵੱਜੋਂ ਪਾਠਕਾਂ ਸਾਮ੍ਹਣੇ ਪੈਸ਼ ਕਰਦਾ ਹਾਂ ਤਾਂ ਉਨ੍ਹਾਂ ਨੂੰ ਪਤਾ ਲੱਗੇ ਕਿ ਮੇਰੇ ਪਿਆਰੇ ਭਾਈ ਮੌਲਵੀ ਹਕੀਮ ਨੂਰ-ਉਦ-ਦੀਨ ਭੇਰਵੀ ਚਿਕਿਤਸਕ ਸੂਬਾ ਜੰਮੂ ਨੇ ਪਿਆਰ ਅਤੇ ਸ਼ਰਧਾ ਵਿੱਚ ਕਿੱਥੋਂ ਤੱਕ ਤਰੱਕੀ ਕੀਤੀ ਹੈ ਅਤੇ ਉਹ ਸਤਰਾਂ ਇਹ ਹਨ :

ਸਾਡੇ ਮੌਲਾ ! ਸਾਡੇ ਮੁਰਸ਼ਿਦ ! ਸਾਡੇ ਇਮਾਮ ! ਅੱਸਲਾਮੋ ਅਲੈਕੁਮ ਵ ਰਹਮਾਤੁੱਲ੍ਹਾ ਵ ਬਰਕਾਤੁਹੁ। ਸਤਿਕਾਰਯੋਗ ਸ਼੍ਰੀਮਾਨ ਮੇਰੀ ਅਰਦਾਸ ਇਹ ਹੈ ਕਿ ਹਰ ਸਮੇਂ ਹਜ਼ੂਰ ਦੀ ਸੈਵਾ ਵਿੱਚ ਮੌਜੂਦ ਰਹਾਂ ਅਤੇ ਇਮਾਮੇ ਜ਼ਮਾਨ ਨਾਲ ਜਿਸ ਮੁਰਾਦ ਲਈ ਉਹ ਸੁਧਾਰਕ ਬਣਿਆਂ ਉਹ ਮੁਰਾਦਾਂ ਹਾਸਿਲ ਕਰਾਂ। ਜੇਕਰ ਆਗਿਆ ਹੋਵੇ ਤਾਂ ਮੈਂ ਨੌਕਰੀ ਤੋਂ ਤਿਆਗ ਪੱਤਰ ਦੇ ਦਿਆਂ ਅਤੇ ਦਿਨ ਰਾਤ ਸ਼੍ਰੀਮਾਨ ਦੀ ਸੈਵਾ ਵਿੱਚ ਪਿਆ ਰਹਾਂ ਜਾਂ ਜੇਕਰ ਆਦੇਸ਼ ਹੋਵੇ ਤਾਂ ਇਸ ਸੰਬੰਧ ਨੂੰ ਛੱਡ ਕੇ ਸੰਸਾਰ ਵਿੱਚ ਫਿਰਾਂ ਅਤੇ ਲੋਕਾਂ ਨੂੰ ਸੱਚੇ ਧਰਮ ਵੱਲ੍ਹ ਸੱਦਾ ਦਿਆਂ ਅਤੇ ਇਸੇ ਰਾਹ ਵਿੱਚ ਜਾਨ ਦਿਆਂ। ਮੈਂ ਤੁਹਾਡੇ ਰਾਹ ਵਿੱਚ ਕੁਰਬਾਨ ਹਾਂ। ਮੇਰਾ ਜੋ ਕੁੱਝ ਹੈ ਮੇਰਾ ਨਹੀਂ ਆਪ ਜੀ ਦਾ ਹੈ। ਹਜ਼ਰਤ ਪੀਰ-ਓ-ਮੁਰਸ਼ਦ ਮੈਂ ਸੰਪੂਰਨ ਸੱਚਾਈ ਨਾਲ ਕਹਿੰਦਾ ਹਾਂ ਕਿ ਮੇਰਾ ਸਾਰਾ ਮਾਲ ਤੇ ਦੌਲਤ ਜੇਕਰ ਧਾਰਮਿਕ ਪ੍ਰਕਾਸ਼ਨ ਵਿੱਚ ਖ਼ਰਚ ਹੋ ਜਾਵੇ ਤਾਂ ਮੈਂ ਮੁਰਾਦ ਨੂੰ ਪਹੁੰਚ

ਗਿਆ । ਜੇਕਰ ਬਰਾਹੀਨ ਦੇ ਖ਼ਰੀਦਦਾਰ ਕਿਤਾਬ ਦੇ ਪ੍ਰਕਾਸ਼ਨ ਦੀ ਦੇਰੀ ਤੋਂ ਵਿਆਕੁਲ ਹਨ ਤਾਂ ਮੈਨੂੰ ਆਗਿਆ ਦਿਉ ਕਿ ਇਹ ਛੋਟੀ ਜਿਹੀ ਸੈਵਾ ਕਰਾਂ ਕਿ ਉਨ੍ਹਾਂ ਦੀ ਦੇਣ ਵਾਲੀ ਸਾਰੀ ਕੀਮਤ ਆਪਣੇ ਕੋਲ੍ਹੋਂ ਵਾਪਸ ਕਰਾਂ । ਹਜ਼ਰਤ ਪੀਰ-ਓ-ਮੁਰਸ਼ਦ ਵਿਨੀਤ ਬੈਨਤੀ ਕਰਦਾ ਹੈ ਜੇਕਰ ਪਾਰਿਤ ਹੋਵੇ ਤਾਂ ਮੇਰਾ ਮਾਣ ਹੈ ਮੇਰੀ ਇੱਛਾ ਹੈ ਕਿ ਬਰਾਹੀਨ ਦੇ ਪ੍ਰਕਾਸ਼ਨ ਦਾ ਸਾਰਾ ਖ਼ਰਚ ਮੇਰੇ ਉੱਤੇ ਪਾ ਦਿੱਤਾ ਜਾਵੇ ਫ਼ਿਰ ਜੋ ਕੁੱਝ ਕੀਮਤ ਵਿੱਚੋਂ ਹਾਸਲ ਹੋਵੇ ਉਹ ਰੁਪਿਆ ਤੁਹਾਡੀ ਲੋੜ੍ਹਾਂ ਵਿੱਚ ਖ਼ਰਚ ਹੋਵੇ ਮੈਨੂੰ ਤੁਹਾਡੇ ਨਾਲ ਫਾਰੂਕੀ ਤੁਲਣਾ ਹੈ ਅਤੇ ਸਭ ਕੁੱਝ ਇਸ ਰਾਹ ਵਿੱਚ ਕੁਰਬਾਨ ਕਰਨ ਲਈ ਤਿਆਰ ਹਾਂ । ਅਰਦਾਸ ਕਰਿਓ ਕਿ ਮੇਰੀ ਮੌਤ ਸੱਚਿਆਂ ਦੀ ਮੌਤ ਹੋਵੇ ।

ਮੌਲਵੀ ਸਾਹਿਬ ਦੀ ਇਮਾਨਦਾਰੀ ਤੇ ਦਲੇਰੀ ਅਤੇ ਉਨ੍ਹਾਂ ਦੀ ਹਮਦਰਦੀ ਤੇ ਕੁਰਬਾਨੀ ਜਿਵੇਂ ਉਨ੍ਹਾਂ ਦੀ ਗੱਲਾਂ ਤੋਂ ਪ੍ਰਕਟ ਹੈ ਉਸ ਤੋਂ ਵੱਧ ਉਨ੍ਹਾਂ ਦੇ ਹਾਲ ਤੋਂ ਉਨ੍ਹਾਂ ਦੀ ਸੱਚੀ-ਸੁੱਚੀ ਸੈਵਾਵਾਂ ਤੋਂ ਪਤਾ ਲੱਗ ਰਹੀ ਹੈ । ਅਤੇ ਉਹ ਪਿਆਰ ਤੇ ਸ਼ਰਧਾ ਦੇ ਸੰਪੂਰਨ ਜਜ਼ਬੇ ਨਾਲ ਚਾਹੁੰਦੇ ਹਨ ਕਿ ਸਭ ਕੁੱਝ ਇੱਥੇ ਤੱਕ ਕਿ ਆਪਣੇ ਬਾਲ ਬੱਚਿਆਂ ਦੀ ਜ਼ਿੰਦਗੀ ਲੰਘਾਉਣ ਦੀ ਜ਼ਰੂਰੀ ਚੀਜ਼ਾਂ ਵੀ ਇਸ ਰਾਹ ਵਿੱਚ ਕੁਰਬਾਨ ਕਰ ਦੇਣ । ਉਨ੍ਹਾਂ ਦੀ ਰੂਹ ਪਿਆਰ ਦੇ ਜੋਸ਼ ਤੇ ਮਸਤੀ ਨਾਲ ਉਨ੍ਹਾਂ ਦੀ ਸ਼ਕਤੀ ਤੋਂ ਵੱਧ ਕਦਮ ਵਧਾਉਣ ਦੀ ਸਿੱਖਿਆ ਦੇ ਰਹੀ ਹੈ । ਅਤੇ ਹਰ ਪਲ੍ਹ ਅਤੇ

ਹਰ ਘੜ੍ਹੀ ਸੇਵਾ ਵਿੱਚ ਲੱਗੇ ਹੋਏ ਹਨ [8]। ਪਰ ਇਹ ਵੱਡਾ ਜ਼ੁਲਮ ਹੈ ਕਿ ਅਜਿਹੀ ਕੁਰਬਾਨੀ ਕਰਨ ਵਾਲੇ ਉੱਤੇ ਤਾਕਤ ਤੋਂ ਵਾਧੂ ਉਹ ਸਾਰੇ ਬੋਝ ਪਾ ਦਿੱਤੇ ਜਾਣ ਜਿਨ੍ਹਾਂ ਨੂੰ ਚੁੱਕਣਾ ਇੱਕ ਜਮਾਅਤ ਦਾ ਕੰਮ ਹੈ। ਬੇਸ਼ੱਕ ਮੌਲਵੀ ਸਾਹਿਬ ਇਸ ਸੇਵਾ ਨੂੰ ਆਪ ਪਹੁੰਚਾਉਣ ਲਈ ਸਾਰੀ ਜਾਇਦਾਦ ਤੋਂ ਵਾਂਝੇ ਹੋ ਜਾਣਾ ਅਤੇ ਅਯੂਬ ਨਬੀ ਵਾਂਗ ਇਹ ਕਹਿਣਾ ਕਿ " ਮੈਂ ਇਕੱਲਾ ਆਇਆ ਅਤੇ ਇਕੱਲਾ ਜਾਵਾਂਗਾ " ਸਵੀਕਾਰ ਕਰ ਲੈਣਗੇ ਪਰ ਇਹ ਕਰਤੱਵ ਸਾਰੀ ਕੌਮ ਵਿੱਚ ਸਾਂਝਾ ਹੈ ਅਤੇ ਸਾਰੀਆਂ ਲਈ ਲਾਜ਼ਿਮ ਹੈ ਕਿ ਇਸ ਖ਼ਤਰੇ ਤੇ ਫ਼ਸਾਦਾਂ ਨਾਲ ਭਰੇ ਜ਼ਮਾਨੇ ਵਿੱਚ ਕਿ ਜਿਹੜ੍ਹਾ ਆਸਥਾ ਦੇ ਇੱਕ ਸੂਖ਼ਮ ਰਿਸ਼ਤੇ ਨੂੰ ਜਿਹੜ੍ਹਾ ਰੱਬ ਤੇ ਉਸ ਦੇ ਬੰਦੇ ਵਿੱਚ ਹੋਣਾ ਚਾਹੀਦਾ ਹੈ ਵੱਡੇ ਜ਼ੋਰ ਸ਼ੋਰ ਨਾਲ ਝਟਕੇ ਦੇ ਕੇ ਹਿਲ੍ਹਾ ਰਿਹਾ ਹੈ । ਆਪਣੇ ਆਪਣੇ ਚੰਗੇ ਅੰਤ ਦੀ ਚਿੰਤਾ ਕਰੋ ਅਤੇ ਉਹ ਨੇਕ ਕਰਮ, ਜਿਨ੍ਹਾਂ ਉੱਤੇ ਮੁਕਤੀ ਦੀ ਨਿਰਭਰਤਾ ਹੈ, ਆਪਣੇ ਪਿਆਰੇ ਮਾਲ ਲੁਟਾਉਣ ਅਤੇ ਪਿਆਰੇ ਸਮਿਆਂ ਨੂੰ ਸੇਵਾ ਵਿੱਚ ਲਾਉਣ ਨਾਲ ਪ੍ਰਾਪਤ ਕਰੋ। ਅਤੇ ਰੱਬ

[8] ਹਜ਼ਰਤ ਮੌਲਵੀ ਸਾਹਿਬ ਉਲੂਮ-ਏ-ਫ਼ਿਕਾਹ (ਦਰਸ਼ਨ ਸ਼ਾਸਤਰ) ਤੇ ਹਦੀਸ ਤੇ ਕੁਰਆਨ ਦੀ ਵਿਆਖਿਆ ਵਿੱਚ ਉੱਤਮ ਪੱਧਰ ਦਾ ਗਿਆਨ ਰੱਖਦੇ ਹਨ। ਦਰਸ਼ਨ ਅਤੇ ਪ੍ਰਾਚੀਨ ਤੇ ਆਧੁਨਿਕ ਗਿਆਨ ਉੱਤੇ ਬਹੁਤ ਡੂੰਗੀ ਨਜ਼ਰ ਹੈ। ਚਿਕਿਤਸਾ ਸ਼ਾਸਤਰ ਵਿੱਚ ਇੱਕ ਮਾਹਿਰ ਹਕੀਮ ਹਨ ਹਰ ਇੱਕ ਸ਼ਾਸਤਰ ਦੀ ਕਿਤਾਬਾਂ ਮਿਸਰ ਤੇ ਅਰਬ ਤੇ ਸ਼ਾਮ ਅਤੇ ਯੂਰੋਪ ਤੋਂ ਮੰਗਵਾ ਕੇ ਇੱਕ ਦੁਰਲੱਭ ਲਾਇਬਰੇਰੀ ਤਿਆਰ ਕੀਤੀ ਹੈ ਅਤੇ ਜਿਵੇਂ ਹੋਰ ਗਿਆਨਾਂ ਵਿੱਚ ਵੱਡੇ ਵਿਧਵਾਨ ਹਨ ਦੀਨੀ ਬਹਿਸ ਵਿੱਚ ਵੀ ਬਹੁਤ ਉੱਤਮ ਨਜ਼ਰ ਰੱਖਦੇ ਹਨ। ਬਥੇਰੀ ਕਿਤਾਬਾਂ ਦੇ ਸੰਪਾਦਕ ਹਨ ਹੁਣੇ ਕਿਤਾਬ ਤਸਦੀਕ ਬਰਾਹੀਨੇ ਅਹਮਦੀਆ ਵੀ ਹਜ਼ਰਤ ਨੇ ਹੀ ਸੰਪਾਦਿੱਤ ਕੀਤੀ ਹੈ ਜਿਹੜ੍ਹੀ ਹਰ ਇੱਕ ਜਗਿਆਸੂ ਦੀ ਨਜ਼ਰ ਵਿੱਚ ਖਜ਼ਾਨਿਆਂ ਤੋਂ ਵੀ ਵੱਧ ਕੀਮਤੀ ਹੈ।

ਦੇ ਉਸ ਨਾ ਬਦਲਣਯੋਗ ਅਤੇ ਸਥਿਰ ਕਾਨੂੰਨ ਤੋਂ ਡਰੋ ਜਿਹੜਾ ਉਹ ਆਪਣੇ ਪਿਆਰੇ ਕਲਾਮ ਵਿੱਚ ਫ਼ਰਮਾਉਂਦਾ ਹੈ :

{ لَنْ تَنَالُوا الْبِرَّ حَتَّى تُنْفِقُوا مِمَّا تُحِبُّونَ } (ਆਲੇ-ਇਮਰਾਨ:93)

ਅਰਥਾਤ ਤੁਸੀਂ ਵਾਸਤਵਿਕ ਨੇਕੀ ਨੂੰ ਜੋ ਮੁਕਤੀ ਤੱਕ ਪਹੁੰਚਾਉਂਦੀ ਹੈ ਕਦੇ ਵੀ ਨਹੀਂ ਪਾ ਸਕਦੇ ਇਸ ਤੋਂ ਬਿਨ੍ਹਾਂ ਕਿ ਤੁਸੀਂ ਰੱਬ ਦੀ ਰਾਹ ਵਿੱਚ ਉਹ ਮਾਲ ਤੇ ਵਸਤੂ ਖ਼ਰਚ ਕਰੋ, ਜੋ ਤੁਹਾਡੀ ਪਿਆਰੀ ਹੈ ।

ਇੱਥੇ ਮੈਂ ਆਪਣੇ ਕੁੱਝ ਹੋਰ ਗੁੱਝੇ ਦੋਸਤਾਂ ਦੀ ਵੀ ਚਰਚਾ ਕਰਨਾ ਉਚਿੱਤ ਸਮਝਦਾ ਹਾਂ ਜਿਹੜ੍ਹੇ ਇਸ ਇਲਾਹੀ ਸਿਲਸਿਲੇ ਵਿੱਚ ਦਾਖ਼ਲ ਅਤੇ ਮੇਰੇ ਨਾਲ ਸਰਗਰਮੀ ਨਾਲ ਗੁੱਝਾ ਪਿਆਰ ਰੱਖਦੇ ਹਨ ਉਨ੍ਹਾਂ ਵਿੱਚੋਂ ਮੇਰਾ ਭਰ੍ਹਾ ਸ਼ੇਖ ਮੁਹੰਮਦ ਹੁਸੈਨ ਮੁਰਾਦਾਬਾਦੀ ਹਨ ਜੋ ਇਸ ਸਮੇਂ ਮੁਰਾਦਾਬਾਦ ਤੋਂ ਕਾਦੀਆਂ ਆ ਕੇ ਇਸ ਲੇਖ ਦੀ ਕਾਪੀ ਕੇਵਲ ਰੱਬ ਲਈ ਲਿੱਖ ਰਹੇ ਹਨ । ਸ਼ੇਖ ਸਾਹਿਬ ਦਾ ਸਾਫ਼ ਦਿਲ੍ਹ ਮੈਨੂੰ ਇੰਝ ਨਜ਼ਰ ਆਉਂਦਾ ਹੈ ਜਿਵੇਂ ਸ਼ੀਸ਼ਾ । ਉਹ ਮੇਰੇ ਨਾਲ ਕੇਵਲ ਰੱਬ ਲਈ ਅਥਾਹ ਸ਼ਰਧਾ ਅਤੇ ਪਿਆਰ ਰੱਖਦੇ ਹਨ ਉਨ੍ਹਾਂ ਦਾ ਦਿੱਲ੍ਹ ਰੱਬੀ ਪ੍ਰੇਮ ਨਾਲ ਭਰਿਆ ਹੋਇਆ ਹੈ ਅਤੇ ਬਹੁਤ ਅੱਦਭੁਤ ਸੁਭਾਉ ਦੇ ਵਿਅਕਤੀ ਹਨ । ਮੈਂ ਉਨ੍ਹਾਂ ਨੂੰ ਮੁਰਾਦਾਬਾਦ ਲਈ ਇੱਕ ਰੌਸ਼ਣ ਚਿਰਾਗ ਸਮਝਦਾ ਹਾਂ ਅਤੇ ਉਮੀਦ ਰੱਖਦਾ ਹਾਂ ਕਿ ਉਹ ਪਿਆਰ ਅਤੇ ਸ਼ਰਧਾ ਦੀ ਰੌਸ਼ਨੀ ਜੋ ਉਨ੍ਹਾਂ ਵਿੱਚ ਹੈ ਉਹ ਕਿਸੇ ਦਿਨ ਦੂਜੀਆਂ ਵਿੱਚ ਵੀ ਸਮੋਹ ਜਾਏਗੀ । ਸ਼ੇਖ ਸਾਹਿਬ ਭਾਵੇਂ ਥੋੜ੍ਹੀ ਪੂੰਜੀ ਰੱਖਦੇ ਹਨ ਪਰ ਦਿੱਲ੍ਹ ਦੇ ਦਾਨੀ ਅਤੇ ਖੁਲ੍ਹੇ

ਦਿੱਲ੍ਹ ਵਾਲੇ ਹਨ  ਹਰ ਤਰ੍ਹਾਂ ਨਾਲ ਇਸ ਵਿਨੀਤ ਦੀ ਸੈਵਾ ਵਿੱਚ ਰੁੱਝੇ ਰਹਿੰਦੇ ਹਨ ਅਤੇ ਪਿਆਰ ਨਾਲ ਭਰਿਆ ਹੋਇਆ ਵਿਸ਼ਵਾਸ਼ ਉਨ੍ਹਾਂ ਦੀ ਰੱਗ-ਰੱਗ ਵਿੱਚ ਰਚਿਆ ਹੋਇਆ ਹੈ ।

ਉਨ੍ਹਾਂ ਵਿੱਚੋਂ ਮੇਰੇ ਭਰਾ ਹਕੀਮ ਫ਼ਜ਼ਲ ਦੀਨ ਭੈਰਵੀ ਹਨ । ਹਕੀਮ ਸਾਹਿਬ ਮੇਰੇ ਨਾਲ ਜਿੰਨ੍ਹਾ ਪਿਆਰ ਤੇ ਸ਼ਰਧਾ ਤੇ ਚੰਗਾ ਇਰਾਦਾ ਅਤੇ ਨੇੜ੍ਹਲਾ ਸੰਬੰਧ ਰੱਖਦੇ ਹਨ ਮੈਂ ਉਸ ਦੇ ਬਿਆਨ ਕਰਨ ਤੋਂ ਅਸਮਰਥ ਹਾਂ। ਉਹ ਮੇਰੀ ਸੱਚੀ ਭਲਾਈ ਚਾਹੁੰਣ ਵਾਲੇ ਤੇ ਦਿਲੀ ਹਮਦਰਦ ਅਤੇ ਸੱਚਾਈ ਪਛਾਣਨ ਵਾਲੇ ਮਨੁੱਖ ਹਨ । ਰੱਬ ਨੇ ਇਸ ਪਰਚੇ ਦੇ ਲਿੱਖਣ ਲਈ ਮੇਰਾ ਧਿਆਨ ਖਿੱਚਿਆ ਅਤੇ ਆਪਣੀ ਆਕਾਸ਼ਬਾਣੀ ਨਾਲ ਉਮੀਦਾਂ ਦਿੱਤੀਆਂ ਮੈਂ ਕਈ ਲੋਕਾਂ ਤੋਂ ਇਸ ਪਰਚੇ ਦੇ ਲਿੱਖਣ ਬਾਰੇ ਚਰਚਾ ਕੀਤੀ ਕੋਈ ਮੇਰੇ ਨਾਲ ਸਹਿਮਤ ਨਹੀਂ ਹੋਇਆ । ਪਰ ਮੇਰੇ ਇਹ ਪਿਆਰੇ ਭਾਈ ਬਿਨ੍ਹਾਂ ਇਸ ਦੇ ਕਿ ਮੈਂ ਉਨ੍ਹਾਂ ਨੂੰ ਦੱਸਦਾ ਆਪ ਮੈਨੂੰ ਉਸ ਪਰਚੇ ਦੇ ਲਿੱਖਣ ਲਈ ਉਭਾਰਣ ਵਾਲੇ ਬਣੇ ਅਤੇ ਇਸ ਦੇ ਖ਼ਰਚੇ ਲਈ ਆਪਣੇ ਵੱਲੋਂ ਸੌ ਰੁਪਿਆ ਦਿੱਤਾ । ਮੈਂ ਇਨ੍ਹਾਂ ਦੀ ਆਸਥਾ ਭਰਪੂਰ ਨਜ਼ਰ ਉੱਤੇ ਹੈਰਾਨ ਹਾਂ ਕਿ ਉਨ੍ਹਾਂ ਦੇ ਇਰਾਦੇ ਦਾ ਰੱਬ ਦੇ ਇਰਾਦੇ ਨਾਲ ਸੰਯੋਗ ਹੋ ਗਿਆ । ਉਹ ਹਮੇਸ਼ਾ ਪਰਦੇ ਨਾਲ ਸੈਵਾ ਕਰਦੇ ਰਹਿੰਦੇ ਹਨ । ਅਤੇ ਕਈ ਸੌ ਰੁਪਿਆ ਓਹਲੇ ਕਰਕੇ ਕੇਵਲ ਰੱਬ ਦੀ ਖੁਸ਼ੀ ਲਈ ਇਸ ਰਾਹ ਵਿੱਚ ਦੇ ਚੁੱਕੇ ਹਨ । ਰੱਬ ਉਨ੍ਹਾਂ ਨੂੰ ਚੰਗਾ ਬਦਲਾ ਦੇਵੇ

ਉਨ੍ਹਾਂ ਵਿੱਚੋਂ ਹੀ ਮੇਰੇ ਬਹੁਤ ਪਿਆਰੇ ਭਾਈ ਆਪਣੀ ਜੁਦਾਈ ਨਾਲ ਸਾਡੇ ਦਿੱਲ੍ਹ ਉੱਤੇ ਦਾਗ਼ ਪਾਉਣ ਵਾਲੇ ਸਵਰਗਵਾਸੀ ਮਿਰਜ਼ਾ ਅਜ਼ੀਮ ਬੈਗ ਸਾਹਿਬ ਸੇਠ ਸਮਾਨਾ ਖੇਤਰ ਪਟਿਆਲਾ ਦੇ ਹਨ ਜੋ ਦੂਜੀ ਰੱਬੀ-ਉਸ-ਸਾਨੀ 1308 ਹਿਜਰੀ ਵਿੱਚ ਇਸ ਪ੍ਰਾਣੀ ਸੰਸਾਰ ਤੋਂ ਚਲਾਣਾ ਕਰ ਗਏ اِنَّا لِلّٰهِ وَاِنَّا اِلَيْهِ رَاجِعُوْنَ۔ اَلْعَيْنُ تَدْمَعُ وَالْقَلْبُ يَحْزُنُ وَاِنَّا بِفِرَاقِهٖ لَمَحْزُوْنُوْنَ ਸਵਰਗਵਾਸੀ ਮਿਰਜ਼ਾ ਸਾਹਿਬ ਜਿਨ੍ਹਾਂ ਮੇਰੇ ਨਾਲ, ਕੇਵਲ ਅੱਲਾਹ ਲਈ, ਪਿਆਰ ਰੱਖਦੇ ਅਤੇ ਮੇਰੇ ਵਿੱਚ ਫ਼ਨਾ ਹੋ ਰਹੇ ਸਨ ਮੈਂ ਕਿੱਥੋਂ ਅਜਿਹੇ ਸ਼ਬਦ ਲਿਆਵਾਂ ਤਾਂ ਉਸ ਇਸ਼ਕ ਦੇ ਹਾਲ ਨੂੰ ਬਿਆਨ ਕਰ ਸਕਾਂ ਅਤੇ ਜਿਨ੍ਹਾਂ ਉਨ੍ਹਾਂ ਦੇ ਅਚਾਨਕ ਵਿਛੋੜ੍ਹੇ ਨਾਲ ਮੈਨੂੰ ਗ਼ਮ ਅਤੇ ਦੁੱਖ ਪਹੁੰਚਿਆ ਹੈ ਮੈਂ ਆਪਣੇ ਪਿਛਲੇ ਜ਼ਮਾਨੇ ਵਿੱਚ ਉਸ ਦੀ ਉਦਾਹਰਣ ਬਹੁਤ ਹੀ ਘੱਟ ਵੇਖਦਾ ਹਾਂ। ਉਹ ਸਾਡੀ ਖ਼ੁਸ਼ੀ ਤੇ ਸਾਡੇ ਸਹਿਯੋਗੀ ਹਨ ਜਿਹੜ੍ਹੇ ਸਾਡੇ ਵੇਖਦੇ ਵੇਖਦੇ ਸਾਥੋਂ ਵਿਛੜ੍ਹ ਗਏ। ਜੱਦ ਤੱਕ ਅਸੀਂ ਜਿਉਂਦੇ ਰਹਾਂਗੇ ਉਨ੍ਹਾਂ ਦੇ ਵਿਛੋੜ੍ਹੇ ਦਾ ਦੁੱਖ ਸਾਨੂੰ ਕਦੇ ਨਹੀਂ ਭੁੱਲੇਗਾ।

| | |
|---|---|
| بردارم آستین برود تا بدامنم[9] | دردیست در دلم که گر از پیش آب چشم |

ਉਨ੍ਹਾਂ ਦੇ ਵਿਛੋੜ੍ਹੇ ਦੀ ਯਾਦ ਨਾਲ ਤਬੀਅਤ ਵਿੱਚ ਉਦਾਸੀ ਅਤੇ ਸੀਨੇ ਵਿੱਚ ਦਰਦ ਦੇ ਬੋਲ-ਬਾਲੇ ਨਾਲ ਕੁੱਝ ਚੋਭ੍ਹ ਅਤੇ ਦਿਲ੍ਹ ਵਿੱਚ ਦੁੱਖ ਅਤੇ ਅੱਖਾਂ ਵਿੱਚੋਂ ਅੱਥਰੂ ਜਾਰੀ ਹੋ ਜਾਂਦੇ ਹਨ। ਉਨ੍ਹਾਂ ਦੀ ਸਾਰੀ ਹਸਤੀ

---

[9] ਦਰ ਦੀਸਤ ਦਰ ਦਿਲ੍ਹਮ ਕਿ ਗਰ ਅਜ਼ ਪੈਸ਼ ਆਬ ਚਸ਼ਮ    ਬਰਦਾਰਮ ਆਸਤੀਨ ਬਰਵਦ ਤਾ ਬਿਦਾਮਨਮ
ਅਰਥਾਤ-ਅੱਥਰੂ ਆਉਣ ਤੋਂ ਪਹਿਲਾਂ ਹੀ ਮੇਰੇ ਦਿਲ੍ਹ'ਚ ਇੱਕ ਪੀੜ੍ਹਾ ਹੈ, ਮੈਂ ਬਾਂਹਾਂ ਸਮੇਟ ਲਿਆਂਗਾ ਤਾਂ ਮੇਰੇ ਦਾਮਨ ਤੱਕ ਪਹੁੰਚ ਜਾਵੇ    ਅਨੁਵਾਦਕ

ਪਿਆਰ ਨਾਲ ਭਰਪੂਰ ਸੀ। ਸਵਰਗਵਾਸੀ ਮਿਰਜ਼ਾ ਸਾਹਿਬ ਪਿਆਰ ਭਰੇ ਜੋਸ਼ਾਂ ਦੇ ਪ੍ਰਕਟ ਕਰਨ ਲਈ ਬੜ੍ਹੇ ਬਹਾਦੁਰ ਸਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਸੇ ਰਾਹ ਵਿੱਚ ਲਾ ਰੱਖੀ ਸੀ। ਮੈਨੂੰ ਉਮੀਦ ਨਹੀਂ ਕਿ ਉਨ੍ਹਾਂ ਨੂੰ ਕੋਈ ਹੋਰ ਸੁਪਨਾ ਵੀ ਆਉਂਦਾ ਹੋਵੇ। ਭਾਵੇਂ ਮਿਰਜ਼ਾ ਸਾਹਿਬ ਬਹੁਤ ਥੋੜ੍ਹੀ ਪੂੰਜੀ ਵਾਲੇ ਆਦਮੀ ਸਨ ਪਰ ਉਨ੍ਹਾਂ ਦੀ ਨਜ਼ਰ ਵਿੱਚ ਧਾਰਮਿਕ ਸੈਵਾਵਾਂ ਦੇ ਮੌਕਿਆਂ ਉੱਤੇ, ਜੋ ਹਮੇਸ਼ਾ ਕਰਦੇ ਰਹਿੰਦੇ ਸਨ, ਮਾਲ ਮਿੱਟੀ ਤੋਂ ਵੱਧ ਬੇਅਰਥ ਸੀ। ਗਿਆਨ ਦੇ ਰਾਜ਼ ਸਮਝਣ ਲਈ ਮਹਾਨ ਸਮਝ ਰੱਖਦੇ ਸਨ ਪਿਆਰ ਨਾਲ ਭਰਿਆ ਹੋਇਆ ਵਿਸ਼ਵਾਸ ਜਿਹੜ੍ਹਾ ਇਸ ਵਿਨੀਤ ਦੀ ਤੁਲਣਾ ਉਹ ਰੱਖਦੇ ਸਨ ਰੱਬ ਦੀ ਸੰਪੂਰਨ ਕੁਦਰਤ ਦਾ ਇੱਕ ਚਮਤਕਾਰ ਸੀ ਉਨ੍ਹਾਂ ਦੇ ਵੇਖਣ ਨਾਲ ਕੁਦਰਤ ਅਜਿਹੀ ਖੁਸ਼ ਹੋ ਜਾਂਦੀ ਸੀ ਜਿਵੇਂ ਇੱਕ ਫੁੱਲਾਂ ਅਤੇ ਫਲ਼ਾਂ ਨਾਲ ਭਰੇ ਹੋਏ ਬਾਗ਼ ਨੂੰ ਵੇਖ ਕੇ ਕੁਦਰਤ ਖੁਸ਼ ਹੁੰਦੀ ਹੈ। ਉਹ ਆਮ ਨਜ਼ਰ ਵਿੱਚ ਆਪਣੇ ਵਾਰਸਾਂ ਅਤੇ ਆਪਣੇ ਛੋਟੀ ਉਮਰ ਦੇ ਬੱਚੇ ਨੂੰ ਬਹੁਤ ਕਮਜ਼ੋਰੀ ਅਤੇ ਗਰੀਬੀ ਅਤੇ ਲਾਚਾਰੀ ਦੀ ਹਾਲਤ ਵਿੱਚ ਛੱਡ ਗਏ। ਹੇ ਕਾਦਰ ਰੱਬ ਤੂੰ ਉਨ੍ਹਾਂ ਦਾ ਪਾਲਣਹਾਰ ਅਤੇ ਸਾਜਨਹਾਰ ਹੋ ਅਤੇ ਮੇਰੇ ਪਿਆਰੀਆਂ ਦੇ ਦਿਲ੍ਹਾਂ ਵਿੱਚ ਆਕਾਸ਼ਬਾਣੀ ਪਾ ਕਿ ਆਪਣੇ ਵਰਗੇ ਇਸ ਭਾਈ ਦੇ ਵਾਰਸਾਂ ਲਈ ਜਿਹੜ੍ਹੇ ਬੇਸਹਾਰਾ ਤੇ ਲਾਚਾਰ ਰਹਿ ਗਏ ਕੁੱਝ ਹਮਦਰਦੀ ਦਾ ਹੱਕ ਅਦਾ ਕਰਨ।

| | |
|---|---|
| اے خدا اے چارہ سازِ ہر دل اندوہگیں | اے پناہ عاجزاں آمرز گارِ مُذنبیں |

| | |
|---|---|
| از کرم آں بندۂ خود را بہ بخشش ہا نواز | وایں جُدا افتادگاں را از ترحم ہا بہ بین[10] |

ਮੈਂ ਉਦਾਹਰਣ ਵੱਜੋਂ ਇੱਥੇ ਕੁੱਝ ਦੋਸਤਾਂ ਬਾਰੇ ਦੱਸਿਆ ਹੈ ਅਤੇ ਇਸੇ ਰੰਗ ਤੇ ਸ਼ਾਨ ਦੇ ਮੇਰੇ ਹੋਰ ਦੋਸਤ ਵੀ ਹਨ । ਜਿਨ੍ਹਾਂ ਬਾਰੇ ਵਿਸਥਾਰ ਪੂਰਵਕ ਚਰਚਾ ਰੱਬ ਦੀ ਇੱਛਾ ਅਨੁਸਾਰ ਇੱਕ ਪੱਕੇ ਰਸਾਲੇ ਵਿੱਚ ਕਰਾਂਗਾ। ਹੁਣ ਲੇਖ ਲੰਮਾ ਹੋ ਜਾਂਦਾ ਹੈ ਇਸੇ ਉੱਤੇ ਬਸ ਕਰਦਾ ਹਾਂ।

ਅਤੇ ਮੈਂ ਇੱਥੇ ਇਹ ਦੱਸਣਾ ਵੀ ਉੱਚਿਤ ਸਮਝਦਾ ਹਾਂ ਕਿ ਜਿਨ੍ਹੇ ਲੋਕ ਮੇਰੀ ਬੈਅਤ ਦੇ ਸਿਲਸਿਲੇ ਵਿੱਚ ਦਾਖ਼ਲ ਹਨ ਉਹ ਸਾਰੇ ਹੀ ਹਾਲੇ ਇਸ ਯੋਗ ਨਹੀਂ ਕਿ ਮੈਂ ਉਨ੍ਹਾਂ ਬਾਰੇ ਕੋਈ ਚੰਗੀ ਰਾਏ ਪ੍ਰਕਟ ਕਰ ਸਕਾਂ ਸਗੋਂ ਕੁੱਝ ਖੁਸ਼ਕ ਟਾਹਣੀਆਂ ਵਾਂਗ ਵਿਖਾਈ ਦਿੰਦੇ ਹਨ। ਜਿਨ੍ਹਾਂ ਨੂੰ ਮੇਰਾ ਰੱਬ ਜੋ ਮੇਰਾ ਸਾਜਣਹਾਰ ਹੈ ਮੈਥੋਂ ਕੱਟ ਕੇ ਬਲਣ ਵਾਲੀ ਲਕੜ੍ਹਾਂ ਵਿੱਚ ਸੁੱਟ ਦੇਵੇਗਾ । ਕੁੱਝ ਅਜਿਹੇ ਵੀ ਹਨ ਕਿ ਪਹਿਲਾਂ ਉਨ੍ਹਾਂ ਵਿੱਚ ਹਮਦਰਦੀ ਅਤੇ ਸ਼ਰਧਾ ਵੀ ਸੀ। ਪਰ ਹੁਣ ਉਨ੍ਹਾਂ ਵਿੱਚ ਸਖ਼ਤੀ ਆ ਗਈ ਹੈ ਅਤੇ ਸ਼ਰਧਾ ਦਾ ਜੋਸ਼ ਅਤੇ ਸ਼ਰਧਾਲੂਆਂ ਵਾਲੇ ਪਿਆਰ ਦਾ ਨੂਰ ਬਾਕੀ ਨਹੀਂ ਰਿਹਾ ਸਗੋਂ ਕੇਵਲ ਬਲਅਮ ਵਾਂਗ ਚਲਾਕੀਆਂ ਬਾਕੀ ਰਹਿ

---

[10] ਏ ਖ਼ੁਦਾ ਏ ਚਾਰਾਹ ਸਾਜ਼ੇ ਹਰ ਦਿੱਲ੍ਹ ਅੰਦੋਹਗੀਂ     ਏ ਪਨਾਹ ਆਜਜ਼ਾਂ ਆਮਰਜ਼ ਗਾਰੇ ਮੁਜ਼ਨਬੀਂ

ਅਜ਼ ਕਰਮ ਆਂ ਬੰਦਾਹੇ ਖ਼ੁਦ ਰਾ ਬਹ ਬਖਸ਼ਸ਼ ਹਾ ਨਵਾਜ਼     ਵ ਈਂ ਜ਼ੁਦਾ ਉਫ਼ਤਾਦਗਾਨ ਰਾ ਅਜ਼ ਤਰਹਮ ਹਾ ਬਹ ਬਈਨ

ਅਰਥਾਤ-ਹੇ ਰੱਬ, ਹੇ ਉਦਾਸ ਦਿਲ੍ਹਾਂ ਨੂੰ ਖ਼ੁਸ਼ੀ ਬਖ਼ਸ਼ਣ ਵਾਲੇ, ਹੇ ਨਿਮਾਣਿਆਂ ਦੀ ਪਨਾਹ, ਪਾਪੀਆਂ ਨੂੰ ਬਖ਼ਸ਼ਣ ਵਾਲੇ ।

ਆਪਣੀ ਕਿਰਪਾ ਨਾਲ ਆਪਣੇ ਇਸ ਬੰਦੇ'ਤੇ ਮਿਹਰ ਕਰ, ਅਤੇ ਇਨ੍ਹਾਂ ਵੱਖ ਰਹਿਣ ਵਾਲੀਆ'ਤੇ ਕਿਰਪਾ ਕਰ

ਅਨੁਵਾਦਕ

ਗਈਆਂ ਹਨ ਅਤੇ ਪੁਰਾਣੇ ਦੰਦਾਂ ਵਾਂਗ ਹੁਣ ਇਸ ਤੋਂ ਬਿਨ੍ਹਾਂ ਕਿਸੇ ਹੋਰ ਕੰਮ ਦੇ ਨਹੀਂ ਕਿ ਮੂੰਹ ਵਿੱਚੋਂ ਉਖਾੜ੍ਹ ਕੇ ਪੈਰਾਂ ਦੇ ਹੇਠਾਂ ਪਾ ਦਿੱਤੇ ਜਾਣ ਉਹ ਥੱਕ ਗਏ ਅਤੇ ਲਾਚਾਰ ਹੋ ਗਏ। ਅਤੇ ਨੀਚ ਦੁਨੀਆਂ ਨੇ ਆਪਣੇ ਧੋਖੇ ਦੇ ਜਾਲ ਹੇਠਾਂ ਉਨ੍ਹਾਂ ਨੂੰ ਨੱਪ ਲਿਆ। ਸੋ ਮੈਂ ਸੱਚ-ਸੱਚ ਕਹਿੰਦਾ ਹਾਂ ਕਿ ਉਹ ਛੇਤੀ ਮੈਥੋਂ ਕੱਟ ਦਿੱਤੇ ਜਾਣਗੇ । ਉਸ ਬੰਦੇ ਤੋਂ ਬਿਨ੍ਹਾਂ ਕਿ ਰੱਬ ਦੀ ਮਿਹਰ ਨਵੇਂ ਸਿਰਿਓਂ ਉਸ ਦਾ ਹੱਥ ਫੜ੍ਹੇ । ਅਜਿਹੇ ਵੀ ਬਥੇਰੇ ਹਨ ਜਿਨ੍ਹਾਂ ਨੂੰ ਰੱਬ ਨੇ ਸਦਾ ਲਈ ਮੈਨੂੰ ਦਿੱਤਾ ਹੈ ਅਤੇ ਉਹ ਮੇਰੇ ਦਰਖ਼ਤ ਦੀਆਂ ਹਰੀਆਂ ਭਰੀਆਂ ਸ਼ਾਖਾਵਾਂ ਹਨ ਅਤੇ ਮੈਂ ਰੱਬ ਦੀ ਇੱਛਾ ਅਨੁਸਾਰ ਕਿਸੇ ਹੋਰ ਸਮੇਂ ਉਨ੍ਹਾਂ ਬਾਰੇ ਲਿਖਾਂਗਾ।

ਇੱਥੇ ਮੈਂ ਕੁੱਝ ਉਨ੍ਹਾਂ ਲੋਕਾਂ ਦਾ ਭੁਲੇਖਾ ਵੀ ਦੂਰ ਕਰਨਾ ਚਾਹੁੰਦਾ ਹਾਂ ਜਿਹੜ੍ਹੇ ਸਮਰਥਾ ਰੱਖਣ ਵਾਲੇ ਲੋਕ ਹਨ ਅਤੇ ਆਪਣੇ ਆਪ ਨੂੰ ਬਹੁਤ ਦਿਆਲੂ ਅਤੇ ਧਰਮ ਦੀ ਰਾਹ ਵਿੱਚ ਕੁਰਬਾਨ ਖਿਆਲ ਕਰਦੇ ਹਨ ਪਰ ਆਪਣੇ ਮਾਲਾਂ ਨੂੰ ਮੌਕੇ ਉੱਤੇ ਖ਼ਰਚ ਕਰਨ ਤੋਂ ਬਿਲਕੁਲ ਭਟਕੇ ਹੋਏ ਹਨ ਅਤੇ ਕਹਿੰਦੇ ਹਨ ਕਿ ਜੇਕਰ ਅਸੀਂ ਕਿਸੇ ਅੱਲਾਹ ਵੱਲੋਂ ਮਦਦ ਪਾਉਣ ਵਾਲੇ ਸੱਚੇ ਦਾ ਜ਼ਮਾਨਾ ਪਾਉਂਦੇ ਜੋ ਧਰਮ ਦੀ ਮਦਦ ਲਈ ਰੱਬ ਵੱਲੋਂ ਆਇਆ ਹੁੰਦਾ ਤਾਂ ਅਸੀਂ ਉਸ ਦੀ ਮਦਦ ਦੀ ਰਾਹ ਵਿੱਚ ਇੰਝ ਝੁਕਦੇ ਕਿ ਕੁਰਬਾਨ ਹੀ ਹੋ ਜਾਂਦੇ। ਪਰ ਕੀ ਕਰੀਏ ਹਰ ਪਾਸੇ ਫਰੈਬ ਤੇ ਧੋਖੇ ਦਾ ਬਾਜ਼ਾਰ ਗਰਮ ਹੈ। ਪਰ ਹੇ ਲੋਕੋਂ ਤੁਹਾਡੇ ਤੇ ਸਪਸ਼ਟ ਹੋ ਕਿ ਧਰਮ ਦੀ ਮਦਦ ਲਈ ਇੱਕ ਮਨੁੱਖ ਭੇਜਿਆ ਗਿਆ । ਪਰ ਤੁਸੀਂ ਉਸ

ਨੂੰ ਪਛਾਣਿਆ ਨਹੀਂ ਉਹ ਤੁਹਾਡੇ ਵਿੱਚੋਂ ਹੈ ਅਤੇ ਇਹੋ ਹੈ ਜੋ ਬੋਲ ਰਿਹਾ ਹੈ । ਪਰ ਤੁਹਾਡੀ ਅੱਖਾਂ ਉੱਤੇ ਭਾਰੀ ਪਰਦੇ ਹਨ । ਜੇਕਰ ਤੁਹਾਡੇ ਦਿਲ੍ਹ ਸੱਚਾਈ ਦੀ ਮੰਗ ਕਰਨ ਵਾਲੇ ਹੋਣ ਤਾਂ ਜੋ ਰੱਬ ਨਾਲ ਗੱਲਾਂ ਕਰਨ ਦਾ ਦਾਅਵਾ ਕਰਦਾ ਹੈ ਉਸ ਨੂੰ ਪਰਖਣਾ ਬਹੁਤ ਆਸਾਨ ਹੈ । ਉਸ ਦੀ ਸੈਵਾ ਵਿੱਚ ਆਓ ਉਸ ਦੀ ਸੰਗਤ ਵਿੱਚ ਦੋ ਤਿੰਨ ਹਫ਼ਤੇ ਰਹੋ ਤਾਂ ਜੇਕਰ ਰੱਬ ਚਾਹੇ ਤਾਂ ਉਨ੍ਹਾਂ ਮਿਹਰਾਂ ਦੀ ਬਾਰਿਸ਼ ਜਿਹੜ੍ਹੀਆਂ ਉਸ ਉੱਤੇ ਹੋ ਰਹੀਆਂ ਹਨ ਅਤੇ ਉਹ ਸੱਚੀ ਆਕਾਸ਼ਬਾਣੀ ਦੇ ਨੂਰ ਜਿਹੜ੍ਹੇ ਉਸ ਉੱਤੇ ਉਤਰ ਰਹੇ ਹਨ ਉਨ੍ਹਾਂ ਵਿੱਚੋਂ ਤੁਸੀਂ ਆਪਣੀ ਅੱਖਾਂ ਨਾਲ ਵੇਖ ਲਓ । ਜੋ ਲੱਭਦਾ ਹੈ ਉਹੀ ਪਾਉਂਦਾ ਹੈ । ਜੋ ਖ਼ਟਖ਼ਟਾਉਂਦਾ ਹੈ ਉਸੇ ਲਈ ਖੋਲ੍ਹਿਆ ਜਾਂਦਾ ਹੈ । ਜੇਕਰ ਤੁਸੀਂ ਅੱਖਾਂ ਬੰਦ ਕਰਕੇ ਅਤੇ ਹਨ੍ਹੇਰੀ ਕੋਠੜ੍ਹੀ ਵਿੱਚ ਲੁੱਕ ਕੇ ਇਹ ਕਹੋ ਕਿ ਸੂਰਜ ਕਿੱਥੇ ਹੈ ਤਾਂ ਇਹ ਤੁਹਾਡੀ ਬੇਅਰਥ ਸ਼ਿਕਾਇਤ ਹੈ ਹੇ ਅਣਜਾਣ ਆਪਣੀ ਕੋਠੜ੍ਹੀ ਦੇ ਬੂਹੇ ਖੋਲ੍ਹ ਅਤੇ ਆਪਣੀ ਅੱਖਾਂ ਉੱਤੋਂ ਪਰਦੇ ਚੁੱਕ ਤਾਂ ਤੈਨੂੰ ਸੂਰਜ ਨ ਕੇਵਲ ਨਜ਼ਰ ਆਏ ਸਗੋਂ ਆਪਣੇ ਪ੍ਰਕਾਸ਼ ਨਾਲ ਤੈਨੂੰ ਰੋਸ਼ਨ ਵੀ ਕਰੇ ।

ਕੁੱਝ ਕਹਿੰਦੇ ਹਨ ਕਿ ਅੰਜੁਮਨਾਂ ਬਣਾਉਣਾ ਅਤੇ ਮਦਰਸੇ ਖੋਲ੍ਹਣਾ ਇਹੋ ਧਰਮ ਦੀ ਮਦਦ ਲਈ ਬਥੇਰਾ ਹੈ ਪਰ ਉਹ ਨਹੀਂ ਸਮਝਦੇ ਕਿ ਧਰਮ ਕਿਸ ਚੀਜ਼ ਦਾ ਨਾਂ ਹੈ ਅਤੇ ਸਾਡੀ ਇਸ ਹਸਤੀ ਦੇ ਵੱਡੇ ਉਦੇਸ਼ ਕੀ ਹਨ ਅਤੇ ਕਿਉਂ ਅਤੇ ਕਿਨ੍ਹਾਂ ਰਾਹਾਂ ਤੋਂ ਉਹ ਉਦੇਸ਼ ਪ੍ਰਾਪਤ ਹੋ ਸਕਦੇ ਹਨ। ਸੋ ਉਨ੍ਹਾਂ ਨੂੰ ਜਾਨਣਾ ਚਾਹੀਦਾ ਹੈ ਕਿ ਅਥਾਹ ਉਦੇਸ਼ ਇਸ ਜੀਵਨ

ਦਾ ਰੱਬ ਨਾਲ ਉਹ ਸੱਚਾ ਅਤੇ ਨਿਸ਼ਚਿਤ ਸੰਬੰਧ ਪ੍ਰਾਪਤ ਕਰਨਾ ਹੈ ਜਿਹੜ੍ਹਾ ਸੰਸਾਰਿਕ ਬੰਧਨਾਂ ਤੋਂ ਵੱਖ ਕਰਕੇ ਮੁਕਤੀ ਤੱਕ ਪਹੁੰਚਾਉਂਦਾ ਹੈ ਸੋ ਇਸ ਸੰਪੂਰਨ ਵਿਸ਼ਵਾਸ ਦੀ ਰਾਹਾਂ ਮਨੁੱਖੀ ਬਨਾਵਟਾਂ ਅਤੇ ਤਰੀਕੀਆਂ ਨਾਲ ਕਦੇ ਵੀ ਖੁੱਲ੍ਹ ਨਹੀਂ ਸਕਦੀਆਂ । ਅਤੇ ਮਨੁੱਖਾਂ ਦਾ ਘੜ੍ਹਿਆ ਹੋਇਆ ਦਰਸ਼ਨ ਇੱਥੇ ਕੁੱਝ ਲਾਭ ਨਹੀਂ ਪਹੁੰਚਾਉਂਦਾ । ਸਗੋਂ ਇਹ ਪ੍ਰਕਾਸ਼ ਹਮੇਸ਼ਾ ਰੱਬ ਆਪਣੇ ਖਾਸ ਬੰਦਿਆਂ ਰਾਹੀਂ ਹਨ੍ਹੇਰੇ ਦੇ ਸਮੇਂ ਵਿੱਚ ਆਕਾਸ਼ ਤੋਂ ਭੇਜਦਾ ਹੈ ਅਤੇ ਜੋ ਆਕਾਸ਼ ਤੋਂ ਆਇਆ ਉਹੀ ਆਕਾਸ਼ ਵੱਲ੍ਹ ਲੈ ਜਾਂਦਾ ਹੈ । ਸੋ ਹੇ ਉਹ ਲੋਕੋਂ ਜਿਹੜ੍ਹੇ ਹਨ੍ਹੇਰੇ ਦੇ ਘੜ੍ਹੇ ਵਿੱਚ ਦਬੇ ਹੋਏ ਅਤੇ ਸ਼ੱਕਾਂ ਤੇ ਵਹਿਮਾਂ ਦੇ ਪੰਜੇ ਵਿੱਚ ਕੈਦ ਅਤੇ ਮਾਨਸਿਕ ਇੱਛਾਵਾ ਦੇ ਗੁਲਾਮ ਹੋ ਕੇਵਲ ਨਾਂ ਤੇ ਰਸਮ ਦੇ ਇਸਲਾਮ ਉੱਤੇ ਮਾਣ ਨਾ ਕਰੋ ਅਤੇ ਆਪਣੀ ਸੱਚੀ ਖੁਸ਼ੀ ਤੇ ਕਲਿਆਣ ਅਤੇ ਆਪਣੀ ਅੰਤਮ ਸਫ਼ਲਤਾ ਉਨ੍ਹਾਂ ਤਰੀਕੀਆਂ ਵਿੱਚ ਹੀ ਨਾ ਸਮਝੋ ਜਿਹੜ੍ਹੇ ਅੱਜ ਦੀ ਅੰਜੁਮਨਾਂ ਤੇ ਮਦਰਸੀਆਂ ਰਾਹੀਂ ਕੀਤੇ ਜਾਂਦੇ ਹਨ। ਇਹ ਕੰਮ ਮੁੱਢਲੇ ਤੌਰ ਉੱਤੇ ਲਾਭਕਾਰੀ ਤਾਂ ਹਨ ਅਤੇ ਤਰਕੀ ਦੀ ਪਹਿਲੀ ਪੌੜ੍ਹੀ ਖਿਆਲ ਕੀਤੇ ਜਾ ਸਕਦੇ ਹਨ । ਪਰ ਅਸਲ ਮੁੱਦੇ ਤੋਂ ਬਹੁਤ ਦੂਰ ਹਨ । ਸ਼ਾਇਦ ਇਨ੍ਹਾਂ ਤਰੀਕੀਆਂ ਤੋਂ ਮਾਨਸਿਕ ਚਾਲਾਕੀਆਂ ਪੈਦਾ ਹੋਣ ਜਾਂ ਤਬੀਅਤ ਵਿੱਚ ਹੁਸ਼ਿਆਰੀ ਅਤੇ ਮਨ ਵਿੱਚ ਤੇਜ਼ੀ ਅਤੇ ਖੁਸ਼ਕ ਤਰਕ ਸ਼ਾਸਤਰ ਦਾ ਅਭਿਆਸ ਪ੍ਰਾਪਤ ਹੋ ਜਾਵੇ ਜਾਂ ਗਿਆਨੀ ਅਤੇ ਸਿਆਣਪ ਦਾ ਖ਼ਿਤਾਬ ਪ੍ਰਾਪਤ ਕਰ ਲਿਆ ਜਾਵੇ ਅਤੇ ਭਾਵੇਂ ਲੰਮੇ ਸਮੇਂ ਦੀ ਗਿਆਨ ਦੀ ਪ੍ਰਾਪਤੀ

ਦੇ ਬਾਅਦ ਅਸਲ ਉਦੇਸ਼ ਦੇ ਕੁੱਝ ਸਹਾਇਕ ਵੀ ਹੋ ਸਕਣ। ਪਰ ਇਰਾਕ ਤੋਂ ਦਵਾਈ ਆਉਂਦੇ ਮਰੀਜ਼ ਮਰ ਜਾਵੇਗਾ। ਸੋ ਜਾਗੋ ਅਤੇ ਸੁਚੇਤ ਹੋ ਜਾਓ ਇੰਝ ਨਾ ਹੋ ਕਿ ਠੋਕਰ ਖਾਓ। ਐਵੇਂ ਅੰਤਮ ਸਫ਼ਰ ਅਜਿਹੀ ਹਾਲਤ ਵਿੱਚ ਪੈਸ਼ ਆਵੇ ਜੋ ਅਸਲ ਵਿੱਚ ਨਾਸਤਿਕਤਾ ਤੇ ਅਵਿਸ਼ਵਾਸੀ ਦੀ ਹਾਲਤ ਹੋਵੇ ਨਿਸ਼ਚਿਤ ਤੌਰ ਉੱਤੇ ਸਮਝੋ ਕਿ ਅੰਤ ਦੇ ਕਲਿਆਣ ਦੀ ਉਮੀਦਾਂ ਦਾ ਸਾਰਾ ਆਧਾਰ ਤੇ ਨਿਰਭਰਤਾ ਉਨ੍ਹਾਂ ਰਸਮੀ ਗਿਆਨਾਂ ਦੀ ਪ੍ਰਾਪਤੀ ਉੱਤੇ ਬਿਲਕੁਲ ਨਹੀਂ ਹੋ ਸਕਦਾ ਅਤੇ ਉਸ ਆਕਾਸ਼ੀ ਨੂਰ ਦੇ ਆਗਮਨ ਦੀ ਲੋੜ੍ਹ ਹੈ ਜੋ ਸ਼ੱਕਾਂ ਤੇ ਵਹਿਮਾਂ ਦੀ ਗੰਦਗੀਆਂ ਨੂੰ ਦੂਰ ਕਰਦਾ ਅਤੇ ਇੱਛਾਵਾਂ ਤੇ ਵਾਸ਼ਨਾਵਾਂ ਦੀ ਅੱਗ ਨੂੰ ਠੰਡਾ ਕਰਦਾ ਅਤੇ ਰੱਬ ਦੇ ਸੱਚੇ ਪਿਆਰ ਤੇ ਸੱਚੇ ਇਸ਼ਕ ਅਤੇ ਸੱਚੀ ਪਾਲਣਾ ਵੱਲ੍ਹ ਖਿੱਚਦਾ ਹੈ। ਜੇਕਰ ਤੁਸੀਂ ਆਪਣੀ ਕਾਨਸ਼ਨਸ ਤੋਂ ਸਵਾਲ ਕਰੋ ਤਾਂ ਇਹੀ ਜਵਾਬ ਮਿਲੇਗਾ ਕਿ ਉਹ ਸੱਚੀ ਤਸੱਲੀ ਅਤੇ ਸੱਚਾ ਸੰਤੋਖ਼ ਕਿ ਜਿਹੜ੍ਹਾ ਇੱਕੋ ਵਾਰ ਵਿੱਚ ਰੂਹਾਨੀ ਤਬਦੀਲੀ ਦਾ ਕਾਰਨ ਹੁੰਦਾ ਹੈ ਉਹ ਹੁਣ ਤੱਕ ਤੁਹਾਨੂੰ ਪ੍ਰਾਪਤ ਨਹੀਂ। ਸੋ ਪੂਰਨਤਾ ਅਫ਼ਸੋਸ ਦੀ ਥਾਂ ਹੈ ਕਿ ਜਿਨ੍ਹੀਂ ਤੁਸੀਂ ਰਸਮੀ ਗੱਲਾਂ ਅਤੇ ਰਸਮੀ ਗਿਆਨ ਦੇ ਪ੍ਰਕਾਸ਼ਨ ਲਈ ਜੋਸ਼ ਰੱਖਦੇ ਹੋ ਉਸ ਦਾ ਦਸਵਾਂ ਹਿੱਸਾ ਵੀ ਆਕਾਸ਼ੀ ਸਿਲਸਿਲੇ ਵੱਲ੍ਹ ਤੁਹਾਡਾ ਖਿਆਲ ਨਹੀਂ। ਤੁਹਾਡੀ ਜ਼ਿੰਦਗੀ ਬਹੁਤੀ ਅਜਿਹੇ ਕੰਮਾਂ ਲਈ ਖ਼ਰਚ ਹੋ ਰਹੀ ਹੈ ਕਿ ਪਹਿਲਾਂ ਤਾਂ ਉਹ ਕੰਮ ਕਿਸੇ ਪ੍ਰਕਾਰ ਦਾ ਧਰਮ ਨਾਲ ਸੰਬੰਧ ਹੀ ਨਹੀਂ ਰੱਖਦੇ ਅਤੇ ਜੇਕਰ ਹੈ ਵੀ ਤਾਂ ਉਹ ਸੰਬੰਧ ਇੱਕ ਘੱਟੀਆ ਦਰਜੇ ਦਾ ਅਤੇ

ਅਸਲ ਮੁੱਦੇ ਤੋਂ ਬਹੁਤ ਪਿੱਛੇ ਰਿਹਾ ਹੋਇਆ ਹੈ। ਜੇਕਰ ਤੁਹਾਡੇ ਵਿੱਚ ਉਹ ਇੰਦਰੀਆਂ ਹੋਣ ਅਤੇ ਉਹ ਅਕਲ ਜਿਹੜੀ ਜ਼ਰੂਰੀ ਮਨੋਰਥ ਉੱਤੇ ਜਾ ਠਹਿਰਦੀ ਹੈ ਤਾਂ ਤੁਸੀਂ ਕਦੇ ਵੀ ਆਰਾਮ ਨਹੀ ਕਰਨਾ ਜੱਦ ਤੱਕ ਉਹ ਅਸਲ ਮਨੋਰਥ ਤੁਹਾਨੂੰ ਹਾਸਲ ਨਾ ਹੋ ਜਾਵੇ। ਹੇ ਲੋਕੋਂ ਤੁਸੀਂ ਆਪਣੇ ਸੱਚੇ ਰੱਬ, ਆਪਣੇ ਅਸਲ ਨਿਰਮਾਤਾ, ਆਪਣੇ ਵਾਸਤਵਿਕ ਇਸ਼ਟ ਦੀ ਪਹਿਚਾਣ ਤੇ ਪਿਆਰ ਅਤੇ ਪਾਲਣਾ ਲਈ ਪੈਦਾ ਕੀਤੇ ਗਏ ਹੋ। ਸੋ ਜੱਦ ਤੱਕ ਇਹ ਗੱਲ ਜਿਹੜੀ ਤੁਹਾਡੇ ਪੈਦਾ ਕਰਨ ਦਾ ਅਸਲ ਉਦੇਸ਼ ਹੈ ਸਪੱਸ਼ਟ ਰੂਪ ਵਿੱਚ ਤੁਹਾਡੇ ਉੱਤੇ ਪ੍ਰਕਟ ਨਾ ਹੋਵੇ ਉਦੋਂ ਤੱਕ ਤੁਸੀਂ ਆਪਣੀ ਅਸਲ ਮੁਕਤੀ ਤੋਂ ਬਹੁਤ ਦੂਰ ਹੋ। ਜੇਕਰ ਤੁਸੀਂ ਨਿਆਂ ਨਾਲ ਗੱਲ ਕਰੋ ਤਾਂ ਤੁਸੀਂ ਆਪਣੀ ਅੰਦਰੂਨੀ ਹਾਲਤ ਉੱਤੇ ਆਪ ਹੀ ਗਵਾਹ ਹੋ ਸਕਦੇ ਹੋ ਕਿ ਰੱਬ ਦੀ ਇਬਾਦਤ ਦੀ ਥਾਂ ਹਰ ਸਮੇਂ ਦੁਨੀਆਂ ਦੀ ਪੂਜਾ ਦਾ ਇੱਕ ਉੱਚਾ ਲੰਮਾ ਬੁੱਤ ਤੁਹਾਡੇ ਦਿਲ੍ਹ ਦੇ ਮੋਹਰੇ ਹੈ ਜਿਸ ਨੂੰ ਤੁਸੀਂ ਇੱਕ ਇੱਕ ਸੈਕਿੰਡ ਵਿੱਚ ਹਜ਼ਾਰ ਹਜ਼ਾਰ ਮੱਥੇ ਟੇਕ ਰਹੇ ਹੋ ਅਤੇ ਤੁਹਾਡਾ ਸਾਰਾ ਪਿਆਰਾ ਸਮਾਂ ਦੁਨੀਆਂ ਦੀ ਜੱਕ ਜੱਕ ਬੱਕ ਬੱਕ (ਬੇਅਰਥ ਗੱਲਾਂ) ਵਿੱਚ ਇੰਝ ਡੁੱਬ ਰਿਹਾ ਹੈ ਕਿ ਤੁਹਾਨੂੰ ਦੂਜੇ ਪਾਸੇ ਨਜ਼ਰ ਚੁੱਕਣ ਦੀ ਵਿਹਲ੍ਹ ਨਹੀਂ। ਕਦੇ ਤੁਹਾਨੂੰ ਯਾਦ ਵੀ ਹੈ ਕਿ ਇਸ ਹਸਤੀ ਦਾ ਨਤੀਜਾ ਕੀ ਹੈ। ਕਿੱਥੇ ਹੈ ਤੁਹਾਡੇ ਵਿੱਚ ਨਿਆਂ ! ਕਿੱਥੇ ਹੈ ਤੁਹਾਡੇ ਵਿੱਚ ਇਮਾਨਦਾਰੀ ! ਕਿੱਥੇ ਹੈ ਤੁਹਾਡੇ ਵਿੱਚ ਉਹ ਸੱਚਾਈ ਤੇ ਰੱਬ ਦਾ ਡਰ ਤੇ ਇਮਾਨਦਾਰੀ ਅਤੇ ਨਿਮਰਤਾ ਜਿਸ ਵੱਲ੍ਹ ਤੁਹਾਨੂੰ ਕੁਰਆਨ

ਸੱਦਦਾ ਹੈ । ਤੁਹਾਨੂੰ ਕਦੇ ਭੁੱਲੇ ਭੱਟਕੇ ਸਾਲਾਂ ਵਿੱਚ ਵੀ ਤਾਂ ਯਾਦ ਨਹੀਂ ਆਉਂਦਾ ਕਿ ਸਾਡਾ ਕੋਈ ਰੱਬ ਵੀ ਹੈ। ਕਦੇ ਤੁਹਾਡੇ ਦਿਲ੍ਹ ਵਿੱਚ ਨਹੀਂ ਆਉਂਦਾ ਕਿ ਉਸ ਦੇ ਕੀ ਕੀ ਅਧਿਕਾਰ ਤੁਹਾਡੇ ਉੱਤੇ ਹਨ ਸੱਚ ਤਾਂ ਇਹ ਹੈ ਕਿ ਤੁਸੀਂ ਕੋਈ ਮਨੋਰਥ ਕੋਈ ਸੰਬੰਧ ਉਸ ਸੱਚੇ ਕੱਯੂਮ ਨਾਲ ਰੱਖਿਆ ਹੀ ਨਹੀਂ ਅਤੇ ਉਸ ਦਾ ਨਾਂ ਤੱਕ ਲੈਣਾ ਤੁਹਾਡੇ ਉੱਤੇ ਮੁਸ਼ਕਿਲ ਹੈ। ਹੁਣ ਚਾਲਾਕੀ ਨਾਲ ਤੁਸੀਂ ਲੜ੍ਹੋਗੇ ਕਿ ਇੰਝ ਤਾਂ ਨਹੀਂ। ਪਰ ਰੱਬ ਦਾ ਕਾਨੂੰਨੇ ਕੁਦਰਤ ਤੁਹਾਨੂੰ ਸ਼ਰਮਿੰਦਾ ਕਰਦਾ ਹੈ ਜੱਦ ਕਿ ਉਹ ਤੁਹਾਨੂੰ ਦੱਸਦਾ ਹੈ ਕਿ ਇਮਾਨਦਾਰਾਂ ਦੀ ਨਿਸ਼ਾਨੀਆਂ ਤੁਹਾਡੇ ਵਿੱਚ ਨਹੀਂ। ਭਾਵੇਂ ਤੁਸੀਂ ਆਪਣੀ ਸੰਸਾਰਿਕ ਚਿੰਤਾਵਾਂ ਅਤੇ ਸੋਚਾਂ ਵਿੱਚ ਵੱਡੇ ਜ਼ੋਰ ਨਾਲ ਆਪਣੀ ਅਕਲਮੰਦੀ ਅਤੇ ਰਾਏ ਦੇ ਪੱਕੇਪਨ ਦੇ ਦਾਅਵੇਦਾਰ ਹੋ । ਪਰ ਤੁਹਾਡੀ ਯੋਗਤਾ ਤੁਹਾਡੀ ਸਿਆਣਪ ਤੁਹਾਡੀ ਸਮਝਦਾਰੀ ਕੇਵਲ ਸੰਸਾਰ ਦੇ ਕੰਢੀਆਂ ਤੱਕ ਖ਼ਤਮ ਹੋ ਜਾਂਦੀ ਹੈ ਅਤੇ ਤੁਸੀਂ ਆਪਣੀ ਇਸ ਅਕਲ ਦੁਆਰਾ ਉਸ ਦੂਜੇ ਸੰਸਾਰ ਦਾ ਮਾਸਾ ਜਿਹਾ ਭਾਗ ਵੀ ਨਹੀਂ ਵੇਖ ਸਕਦੇ ਜਿਸ ਦੀ ਸਦਾ ਦੀ ਜ਼ਿੰਦਗ਼ੀ ਲਈ ਤੁਹਾਡੀ ਰੂਹਾਂ ਪੈਦਾ ਕੀਤੀਆਂ ਗਈਆਂ ਹਨ ਤੁਸੀਂ ਸੰਸਾਰ ਦੀ ਜ਼ਿੰਦਗੀ ਉੱਤੇ ਇੰਝ ਸੰਤੁਸ਼ਟ ਬੈਠੇ ਹੋ ਜਿਵੇਂ ਕੋਈ ਮਨੁੱਖ ਇੱਕ ਚੀਜ਼ ਸਦੇਵੀਂ ਉੱਤੇ ਸੰਤੁਸ਼ਟ ਹੁੰਦਾ ਹੈ। ਪਰ ਉਹ ਦੂਜੀ ਦੁਨੀਆਂ ਜਿਸ ਦੀ ਖੁਸ਼ੀਆਂ ਸੱਚੇ ਸੰਤੋਖ ਯੋਗ ਤੇ ਸਦਾ ਲਈ ਹਨ ਉਹ ਸਾਰੀ ਉਮਰ ਵਿੱਚ ਇੱਕ ਵਾਰ ਵੀ ਤੁਹਾਨੂੰ ਯਾਦ ਨਹੀਂ ਆਉਂਦੀ। ਕੀ ਅਭਾਗ ਹੈ ਕਿ ਇੱਕ ਵੱਡੀ ਜ਼ਰੂਰੀ ਗੱਲ ਨਾਲੋਂ ਤੁਸੀਂ ਬਿਲਕੁੱਲ ਬੇਮੁੱਖ

ਅਤੇ ਅੱਖਾਂ ਬੰਦ ਕੀਤੀਆਂ ਬੈਠੇ ਹੋ ਅਤੇ ਜੋ ਮੁੱਕਣ ਵਾਲੇ, ਮੁਕਾਉਣ ਵਾਲੇ ਮਾਮਲੇ ਹਨ ਉਨ੍ਹਾਂ ਦੀ ਵਾਸ਼ਨਾ ਵਿੱਚ ਦਿਨ ਰਾਤ ਸਰਪਟ ਦੋੜ੍ਹ ਰਹੇ ਹੋ ਤੁਹਾਨੂੰ ਗਿਆਤ ਹੈ ਕਿ ਬੇਸ਼ੱਕ ਉਹ ਸਮਾਂ ਤੁਹਾਡੇ ਉੱਤੇ ਆਉਣ ਵਾਲਾ ਹੈ ਕਿ ਜਿਹੜ੍ਹਾ ਇੱਕ ਵਾਰ ਵਿੱਚ ਤੁਹਾਡੀ ਜ਼ਿੰਦਗੀ ਅਤੇ ਤੁਹਾਡੀ ਸਾਰੀ ਖ਼ਵਾਹਿਸ਼ਾਂ ਦਾ ਅੰਤ ਕਰ ਦੇਵੇਗਾ । ਪਰ ਇਹ ਅਜੀਬ ਅਭਾਗ ਹੈ ਕਿ ਇਸ ਗਿਆਨ ਦੇ ਬਾਅਦ ਫਿਰ ਆਪਣਾ ਸਾਰਾ ਸਮਾਂ ਦੁਨੀਆਂ ਪ੍ਰਾਪਤੀ ਵਿੱਚ ਹੀ ਬਰਬਾਦ ਕਰ ਰਹੇ ਹੋ । ਅਤੇ ਦੁਨੀਆਂ ਪ੍ਰਾਪਤੀ ਵੀ ਕੇਵਲ ਸਰੋਤ ਸਮੀਖਿਆ ਤੱਕ ਸੀਮਿਤ ਨਹੀਂ ਸਗੋਂ ਸਾਰੇ ਗ਼ੈਰ ਕਾਨੂੰਨੀ ਸਾਧਨ ਝੂੱਠ ਤੇ ਧੋਖੇ ਤੋਂ ਲੈ ਕੇ ਨਾ ਹੱਕ ਖ਼ੂਨ ਤੱਕ ਤੁਸੀਂ ਹਲਾਲ ਕਰ ਰੱਖਿਆ ਹੈ ਅਤੇ ਇਨ੍ਹਾਂ ਸਾਰੇ ਸ਼ਰਮਨੀਕ ਜੁਰਮਾਂ ਨਾਲ ਜਿਹੜ੍ਹੇ ਤੁਹਾਡੇ ਵਿੱਚ ਫੈਲ੍ਹੇ ਹੋਏ ਹਨ ਕਹਿੰਦੇ ਹੋ ਕਿ ਆਕਾਸ਼ੀ ਨੂਰ ਤੇ ਆਕਾਸ਼ੀ ਸਿਲਸਿਲੇ ਦੀ ਸਾਨੂੰ ਲੋੜ੍ਹ ਨਹੀਂ ਸਗੋਂ ਉਸ ਨਾਲ ਸੱਖਤ ਵੈਰ ਰੱਖਦੇ ਹੋ ਅਤੇ ਤੁਸੀਂ ਰੱਬ ਦੇ ਆਕਾਸ਼ੀ ਸਿਲਸਿਲੇ ਨੂੰ ਬਹੁਤ ਹਲਕਾ ਸਮਝ ਰੱਖਿਆ ਹੈ ਇੱਥੇ ਤੱਕ ਕਿ ਉਸ ਦੀ ਚਰਚਾ ਨਾਲ ਤੁਹਾਡੀਆਂ ਜੀਭਾਂ ਨਫ਼ਰਤ ਨਾਲ ਭਰੇ ਹੋਏ ਸ਼ਬਦਾਂ ਨਾਲ ਤੇ ਵੱਡੇ ਘਮੰਡ ਅਤੇ ਨੱਕ ਚੜ੍ਹਾਉਣ ਦੀ ਹਾਲਤ ਵਿੱਚ ਨਿੰਦਿਆ ਦਾ ਹੱਕ ਅਦਾ ਕਰਦੀਆਂ ਹਨ । ਅਤੇ ਤੁਸੀਂ ਵਾਰ ਵਾਰ ਕਹਿੰਦੇ ਹੋ ਕਿ ਸਾਨੂੰ ਕਿਵੇਂ ਯਕੀਨ ਆਵੇ ਕਿ ਇਹ ਸਿਲਸਿਲਾ ਅੱਲਾਹ ਵੱਲ੍ਹੋਂ ਹੈ । ਮੈਂ ਹੁਣੇ ਇਸ ਦਾ ਉੱਤਰ ਦਿੱਤਾ ਹੈ ਕਿ ਇਸ ਦਰਖ਼ਤ ਨੂੰ ਉਸ ਦੇ ਫਲ਼ਾਂ ਤੋਂ ਅਤੇ ਇਸ ਸੂਰਜ ਨੂੰ ਉਸ ਦੀ ਰੌਸ਼ਨੀ ਤੋਂ ਪਛਾਣੋਗੇ । ਮੈਂ ਇੱਕ ਵਾਰ

ਇਹ ਸੁਨੇਹਾ ਤੁਹਾਨੂੰ ਪਹੁੰਚਾ ਦਿੱਤਾ ਹੈ। ਹੁਣ ਤੁਹਾਡੇ ਹੱਥ ਵਿੱਚ ਹੈ ਕਿ ਇਸ ਨੂੰ ਸਵੀਕਾਰ ਕਰੋ ਜਾਂ ਨਾ ਕਰੋ ਅਤੇ ਮੇਰੀ ਗੱਲਾਂ ਨੂੰ ਯਾਦ ਰੱਖੋਂ ਜਾਂ ਦਿਮਾਗ਼ ਵਿੱਚੋਂ ਭੁਲਾ ਦਿਓ

| | |
|---|---|
| جیتے جی قدر بشر کی نہیں ہوتی پیارو | یاد آئیں گے تمہیں میرے سخن میرے بعد[11] |

## ਇਸਲਾਮ ਦੇ ਪਾੜ੍ਹੇ ਦੀ ਹਾਲਤ ਉੱਤੇ ਆਧਾਰਿਤ ਮਰਸੀਏ ਨਾਲ ਅੰਤ

| | |
|---|---|
| مے سزد گر خوں ببارد دیدۂ ہر اہل دیں | بر پریشاں حالیِ اسلام و قحطُ المسلمین |
| دینِ حق را گردش آمد صعبناک و سہمگیں | سخت شورے او افتاد اندر جہاں از کفر و کیں |
| آنکہ نفس اوست از ہر خیر و خوبی بے نصیب | مے تراشد عیب ہا در ذات خیر المرسلین |
| آنکہ در زندانِ ناپاکی ست محبوس و اسیر | ہست در شانِ امامِ پاکبازاں نکتہ چیں |
| تیر بر معصوم مے بارد خبیثے بد گُہر | آسماں را مے سزد گر سنگ بارد بر زمیں |
| پیش چشمانِ شما اسلام در خاک اُو فتاد | چیست عذرے پیش حق اے مجمع المتنعمین |
| ہر طرف کفر ست جوشاں ہمچو افواجِ یزید | دینِ حق بیمار و بیکس ہمچو زَینُ العابدین |
| مردمِ ذی مقدرت مشغولِ عشرت ہائے خویش | خُرّم و خنداں نشستہ با بُتانِ نازنین |
| عالماں را روز و شب باہم فساد | زاہداں غافل سراسر از ضرورت ہائے دیں |
| ہر کسے از بہر نفسِ دُونِ خود طرفے گرفت | طرفِ دیں خالی شد و ہر دشمنے جست از کمیں |
| اے مسلماناں چہ آثارِ مسلمانی ہمیں ست | دیں چنیں ابتر شما در جیفۂ دنیا رہیں |
| کاخِ دنیا را چہ استحکام در چشمِ شماست | یا مگر از دل بروں کر دید موتِ اوّلیں |
| دورِ موت آمد قریب اے غافلاں فکرش کنید | دَورِ مے تا کے بخوبانِ لطیف و مہ جبیں |

[11] ਜੀਤੇ ਜੀ ਕਦਰ ਬਸ਼ਰ ਕੀ ਨਹੀਂ ਹੋਤੀ ਪਿਆਰੋ ਯਾਦ ਆਏਂਗੇ ਤੁਮਹੇਂ ਮੇਰੇ ਸੁਖ਼ਨ ਮੇਰੇ ਬਾਅਦ

ਅਨੁਵਾਦਕ

| | |
|---|---|
| نفس خود را بستہ دنیا مدار اے ہوشمند | ورنہ تلخی ہا بہ بینی وقتِ انفاسِ پسیں |
| دل مدہ اِلاّ بدلدارے کہ حُسنش دایم ست | تا سرورِ دائمی یابی زِ خیر المحسنین |
| آن خردمندے کہ او دیوانۂ راہش بود | ہوشیارے آنکہ مستِ روئے آن یارِ حسیں |
| ہست جامِ عشق اُو آبِ حیاتِ لازوال | ہر کہ نوشید ست اُو ہرگز نہ میرد بعد ازیں |
| اے برادر دل مَنہ در دولتِ دنیائ دُوں | زہر خوں ریز ست در ہر قطرۂ ایں انگبیں |
| تا توانی جہد کُن از بہرِ دیں با جان و مال | تا زِ ربّ العرش یابی خلعتِ صد آفریں |
| از عمل ثابت کن آں نورے کہ در ایمانِ تُست | دل چو دادی یوسفے را راہِ کنعاں را گزیں |
| یاد ایاّمیکہ ایں دیں مرجع ہر کیش بود | عالمے را وارہانید از رہِ دیو لعیں |
| بر زمیں گسترد ظلِ تربیت از نورِ علم | پائے خود مے زد ز عزّ و جاہ بر چرخِ بریں |
| این زمانے آنچناں آمد کہ ہر ابن الجہول | از سفاہت میکند تکذیب ایں دینِ متیں |
| صد ہزاراں ابلہاں از دیں بُروں بر دند رخت | صد ہزاراں جاہلاں گشتند صید الماکریں |
| بر مسلماناں ہمہ ادبار زِیں رہ او فتاد | کز پئ دیں ہمّتِ شاں نیست با غیرت قریں |
| گر بگردد عالمے از راہِ دینِ مصطفیٰ | از رہِ غیرت نے جنبند ہم مثلِ جنیں |
| فکر ایشاں غرق ہر دم در رہِ دنیائے دُوں | مال ایشاں غارت اندر راہِ نسوان و بنیں |
| ہر کجا در مجلسے فسق ست ایشاں صدرِ شاں | ہر کجا ہست از معاصی حلقۂ ایشاں نگیں |
| با خرابات آشنا بیگانہ از کوئے ہُدیٰ | نفرت از اربابِ دیں با مَی پَرستاں ہم نشیں |
| رُو بگردانید دلدارے کہ صد اخلاص داشت | چوں ندید اندر دل ایں قوم صدق المخلصیں |
| آں زمانِ دولت و اقبالِ ایشاں در گزشت | شومئ اعمالِ شاں آوُرد ایامے چنیں |
| از رہِ دیں پروری آمد عروج اندر نخست | باز چوں آید بیاید ہم ازیں رہ بالیقیں |
| یا الٰہی باز کے آید زِ تو وقتِ مدد | باز کے بینیم آں فرخندہ ایاّم و سنیں |
| ایں دو فکرِ دینِ احمد مغزِ جانِ ما گداخت | کثرتِ اَعدائے ملّت قلّتِ انصارِ دیں |
| اے خدا زود آ و بر ما آبِ نصرت ہا ببار | یا مرا بردار یا ربّ زِیں مقامِ آتشیں |

| | |
|---|---|
| گمرہاں را چشم کن روشن ز آیاتِ مبیں | اے خدا نورِ ہُدیٰ از مشرق رحمت برار |
| نیست اُمیدم کہ ناکامم بمیرانی دریں | چوں مرا بخشیدۂ صدق اندریں سوز و گداز |
| صادقاں را دستِ حق باشد نہاں در آستیں[12] | کاروبار صادقاں ہر گز نماند ناتمام |

[12] ਅਰਥਾਤ: ਚੰਗਾ ਹੋਵੇ ਕਿ ਹਰ ਰੱਬੀ ਮਨੁੱਖ ਦੀ ਅੱਖ ਲਹੂ ਦੇ ਅੱਥਰੂ ਰੋਵੇ, ਇਸਲਾਮ ਦੀ ਦੁੱਖੀ ਕਰਨ ਵਾਲੀ ਹਾਲਤ ਤੇ ਮੁਸਲਮਾਨਾਂ ਦੇ ਅਕਾਲ ਉੱਤੇ।

ਰੱਬ ਦੇ ਦੀਨ ਉੱਤੇ ਬਹੁਤ ਭੈਭੀਤ ਤੇ ਖ਼ਤਰਨਾਕ ਸਮਾਂ ਆ ਗਿਆ ਇੰਨਕਾਰ ਤੇ ਪਾੜ੍ਹੇ ਕਰਕੇ ਸੰਸਾਰ ਵਿੱਚ ਬਹੁਤ ਫ਼ਸਾਦ ਫੈਲ੍ਹ ਗਿਆ।

ਉਹ ਮਨੁੱਖ ਜਿਸ ਦਾ ਆਪ ਹਰ ਇੱਕ ਭਲਾਈ ਤੇ ਖ਼ੂਬੀ ਤੋਂ ਵਾਂਝਾਂ ਹੈ ਉਹ ਵੀ ਹਜ਼ਰਤ ਖੈਰ-ਉਲ-ਰਸੂਲ (ਸਰਵੋਤਮ ਨਬੀ) ਵਿੱਚ ਕਮੀਆਂ ਕੱਢਦੇ ਹਨ।

ਉਹ ਜਿਹੜ੍ਹਾ ਆਪ ਗੰਦਗੀ ਦੇ ਕੈਦ-ਖਾਨੇ ਵਿੱਚ ਕੈਦੀ ਤੇ ਗ੍ਰਿਫ਼ਤਾਰ ਹੈ ਉਹ ਵੀ ਪਵਿੱਤਰਾਂ ਦੇ ਸਰਦਾਰ ਦੀ ਸ਼ਾਨ ਵਿੱਚ ਟਿੱਪਣੀਆਂ ਕਰਦੇ ਹਨ।

ਗੰਦਾ ਤੇ ਮਾੜ੍ਹਾ ਮਨੁੱਖ ਉਸ ਮਾਸੂਮ ਉੱਤੇ ਤੀਰ ਚਲਾਉਂਦਾ ਹੈ ਆਕਾਸ਼ ਨੂੰ ਚਾਹੀਦਾ ਹੈ ਕਿ ਜ਼ਮੀਨ ਤੇ ਪੱਥਰ ਸੁੱਟੇ।

ਤੁਹਾਡੀ ਅੱਖਾਂ ਦੇ ਸਾਮ੍ਹਣੇ ਇਸਲਾਮ ਮਿੱਟੀ ਵਿੱਚ ਮਿਲ ਗਿਆ ਸੋ ਹੇ ਅਮੀਰਾਂ ਦੇ ਜੱਥੇ ਤੁਹਾਡਾ ਰੱਬ ਮੋਹਰੇ ਕੀ ਬਹਾਨਾ ਹੈ।

ਯਜ਼ੀਦ ਦੀ ਫੌਜ ਵਾਂਗ ਹਰ ਪਾਸੇ ਇੰਨਕਾਰ ਜੋਸ਼ ਵਿੱਚ ਹੈ ਅਤੇ ਸੱਚਾ ਦੀਨ ਜ਼ੈਨ-ਉਲ- ਆਬਦੀਨ ਵਾਂਗ ਬੀਮਾਰ ਤੇ ਲਾਚਾਰ ਹੈ।

ਅਮੀਰ ਅੱਯਾਸ਼ੀਆਂ ਵਿੱਚ ਰੁੱਝੇ ਹਨ ਅਤੇ ਖੁਬਸੂਰਤ ਔਰਤਾਂ ਨਾਲ ਜੁੜ੍ਹੇ ਖ਼ੁਸ਼ ਬੈਠੇ ਹਨ।

ਵਿਦਵਾਨ ਦਿਨ ਰਾਤ ਮਨੁੱਖੀ ਜੋਸ਼ਾਂ ਕਰਕੇ ਆਪਸ ਵਿੱਚ ਲੜ੍ਹ ਰਹੇ ਹਨ ਅਤੇ ਅਕਲਮੰਦ ਦੀਨ ਦੀ ਲੋੜ੍ਹਾਂ ਉੱਤੋਂ ਅਣਜਾਣ ਹਨ।

ਹਰ ਮਨੁੱਖ ਆਪਣੇ ਆਪ ਕਰਕੇ ਇੱਕ ਪਾਸੇ ਹੋ ਗਿਆ ਹੈ ਇਸੇ ਲਈ ਦੀਨ ਦਾ ਪਾਸਾ ਖਾਲੀ ਹੈ ਅਤੇ ਹਰ ਦੁਸ਼ਮਨ ਕਮੀਨੀ ਥਾਂ ਤੋਂ ਆ ਗਿਆ ਹੈ।

ਹੇ ਮੁਸਲਮਾਨੋਂ ! ਕੀ ਇਹੀ ਮੁਸਲਮਾਨ ਹੋਣ ਦੇ ਨਿਸ਼ਾਨ ਹਨ ਦੀਨ ਦੀ ਤਾਂ ਇਹ ਹਾਲਤ ਹੈ ਅਤੇ ਤੁਸੀਂ ਮੁਰਦਾ ਦੁਨੀਆਂ ਨਾਲ ਚਿਮੜ੍ਹੇ ਹੋਏ ਹੋ।

ਕੀ ਤੁਹਾਡੀ ਨਜ਼ਰ ਵਿੱਚ ਦੁਨੀਆਂ ਦਾ ਮਹਿਲ ਬਹੁਤ ਮਜ਼ਬੂਤ ਹੈ ? ਜਾਂ ਸ਼ਾਇਦ ਪਹਿਲੀਆਂ ਦੀ ਮੌਤ ਦਾ ਖਿਆਲ ਤੁਹਾਡੇ ਦਿਲ੍ਹਾਂ ਵਿੱਚੋਂ ਨਿਕਲ ਗਿਆ ਹੈ।

ਹੇ ਅਣਜਾਣੋ ! ਮੌਤ ਦਾ ਸਮਾਂ ਨੇੜ੍ਹੇ ਆ ਗਿਆ ਹੈ ਉਸ ਦੀ ਚਿੰਤਾ ਕਰੋ ਖੁਬਸੂਰਤ ਤੇ ਸੋਹਣੀ ਮਾਸ਼ੁਕਾ ਨਾਲ ਸ਼ਰਾਬ ਦਾ ਦੌਰ ਕਦੋਂ ਤੱਕ ਚਲਦਾ ਰਹੇਗਾ ।

ਹੇ ਅਕਲਮੰਦ ! ਆਪਣੇ ਆਪ ਨੂੰ ਦੁਨੀਆਂ ਦਾ ਕੈਦੀ ਨਾ ਬਣਾ ਨਹੀਂ ਤਾਂ ਮਰਨ ਸਮੇਂ ਬਹੁਤ ਦੁੱਖ ਭੋਗੇਗਾ ।

ਉਸ ਪਿਆਰੇ ਤੋਂ ਬਿਨ੍ਹਾਂ ਜਿਸ ਦੀ ਖੁਬਸੂਰਤੀ ਬੇਅੰਤ ਹੈ ਕਿਸੇ ਹੋਰ ਨੂੰ ਦਿਲ੍ਹ ਨਾ ਦੇ ਤਾਂ ਕਿ ਤੂੰ ਸਦਾ ਦੀ ਖੁਸ਼ੀ ਮਿਹਰਬਾਨ ਰੱਬ ਵਲ੍ਹੋਂ ਪ੍ਰਾਪਤ ਕਰੇ ।

ਉਹ ਮਨੁੱਖ ਅਕਲਮੰਦ ਹੈ ਜਿਹੜ੍ਹਾ ਉਸ ਦੀ ਰਾਹ ਦਾ ਦੀਵਾਨਾ ਹੈ ਅਤੇ ਉਹ ਮਨੁੱਖ ਹੁਸ਼ਿਆਰ ਹੈ ਜਿਹੜ੍ਹਾ ਉਸ ਖੁਬਸੂਰਤ ਪਿਆਰੇ ਦੇ ਚਹਿਰੇ ਦਾ ਇੱਛੁਕ ਹੈ ।

ਉਸ ਦੇ ਇਸ਼ਕ ਦਾ ਜਾਮ ਬੇਅੰਤ ਜ਼ਿੰਦਗੀ ਦੇਣ ਵਾਲਾ ਪਾਣੀ ਹੈ ਜਿਸ ਨੇ ਉਸ ਨੂੰ ਪੀ ਲਿਆ ਉਹ ਫ਼ਿਰ ਕਦੇ ਨਹੀਂ ਮਰੇਗਾ

ਹੇ ਭਰਾਵਾ ਇਸ ਨੀਚ ਦੁਨੀਆਂ ਦੀ ਦੌਲਤ ਨਾਲ ਦਿਲ੍ਹ ਨਾ ਲਾ ਇਸ ਸ਼ਹਿਦ ਦੀ ਹਰ ਬੂੰਦ ਵਿੱਚ ਜ਼ਹਿਰ ਭਰਿਆ ਹੋਇਆ ਹੈ ।

ਜਿੱਥੇ ਤੱਕ ਤੇਰੇ ਤੋਂ ਹੋ ਸਕਦਾ ਹੋਵੇ ਜਾਨ ਤੇ ਮਾਲ ਨਾਲ ਦੀਨ ਲਈ ਕੋਸ਼ਿਸ਼ਾਂ ਕਰ ਤਾਂ ਕਿ ਅਰਸ਼ ਦੇ ਰੱਬ ਵੱਲ੍ਹੋਂ ਖੁਸ਼ੀ ਦਾ ਚੋਲ੍ਹਾ ਪ੍ਰਾਪਤ ਕਰੇ ।

ਉਸ ਨੂਰ ਨੂੰ ਜਿਹੜ੍ਹਾ ਤੇਰੀ ਆਸਥਾ ਵਿੱਚ ਹੈ ਆਪਣੇ ਕਰਮ ਨਾਲ ਸਾਬਤ ਕਰ ਜੱਦ ਤੂੰ ਯੂਸਫ਼ ਨੂੰ ਦਿਲ੍ਹ ਦਿੱਤਾ ਤਾਂ ਕਿਨਆਨ ਦੀ ਰਾਹ ਵੀ ਫੜ੍ਹ ।

ਉਹ ਦਿਨ ਚੇਤੇ ਹਨ ਜੱਦ ਇਹ ਦੀਨ ਸਾਰੇ ਧਰਮਾਂ ਦੇ ਇੱਕਠ ਦੀ ਥਾਂ ਬਣਿਆ ਹੋਇਆ ਸੀ ਅਤੇ ਲਾਅਨਤੀ ਸ਼ੈਤਾਨ ਦੀ ਰਾਹ ਤੋਂ ਉਸ ਨੇ ਇੱਕ ਦੁਨੀਆਂ ਨੂੰ ਆਜ਼ਾਦ ਕਰਵਾਇਆ ਸੀ ।

ਗਿਆਨ ਦੇ ਨੂਰ ਸਦਕੇ ਉਸ ਨੇ ਦੁਨੀਆਂ ਵਿੱਚ ਨੇਕ ਚਲਨ ਦਾ ਪਰਛਾਵਾ ਫੈਲ੍ਹਾ ਰੱਖਿਆ ਸੀ ਅਤੇ ਮਾਣ ਸਤਿਕਾਰ ਕਰਕੇ ਆਕਾਸ਼ ਤੇ ਉਸ ਦਾ ਕਦਮ ਸੀ ।

ਹੁਣ ਅਜੀਹਾ ਸਮਾਂ ਆ ਗਿਆ ਹੈ ਕਿ ਹਰ ਅਣਪੜ੍ਹ ਅਣਪੜ੍ਹਤਾ ਨਾਲ ਇਸ ਮਜ਼ਬੂਤ ਦੀਨ ਦਾ ਇੰਨਕਾਰ ਕਰਦਾ ਹੈ ।

ਲੱਖਾਂ ਅਣਪੜ੍ਹ ਦੀਨ ਤੋਂ ਬਾਹਰ ਨਿਕਲ ਗਏ ਅਤੇ ਲੱਖਾਂ ਅਣਪੜ੍ਹ ਮੱਕਾਰਾਂ ਦੇ ਸ਼ਿਕਾਰ ਬਣ ਗਏ।

ਮੁਸਲਮਾਨਾਂ ਉੱਤੇ ਸਾਰਾ ਨਿਰਾਦਰ ਇਸੇ ਕਰਕੇ ਪਿਆ ਕਿ ਦੀਨ ਦੇ ਮਾਮਲੇ ਵਿੱਚ ਉਨ੍ਹਾਂ ਦੀ ਹਿੰਮਤ ਨੇ ਉਨ੍ਹਾਂ ਦੀ ਅਣਖ਼ ਦਾ ਸਾਥ ਨਾ ਦਿੱਤਾ ।

ਜੇਕਰ ਇੱਕ ਸੰਸਾਰ ਮੁਸਤਫਾ ਦੇ ਦੀਨ ਦੀ ਰਾਹ ਤੋਂ ਫਿਰ ਜਾਵੇ ਤਾਂ ਜਿੱਨ੍ਹਾਂ ਜਿਨ੍ਹੀ ਵੀ ਉਹ ਸ਼ਰਮ ਨਾਲ ਹਰਕਤ ਨਹੀਂ ਕਰਦੇ ।

# ਖੰਡਣਕਾਰੀਆਂ ਲਈ ਆਮ ਸੂਚਨਾ ਪੱਤਰ

---

ਉਹ ਹਰ ਘੜ੍ਹੀ ਇਸ ਦੁਨੀਆਂ ਦੀ ਚਿੰਤਾ ਵਿੱਚ ਰੁੱਝੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਮਾਲ ਔਰਤਾਂ ਅਤੇ ਬਚਿਆਂ ਉੱਤੇ ਖਰਚ ਹੁੰਦਾ ਰਹਿੰਦਾ ਹੈ ।

ਜਿੱਥੇ ਵੀ ਹਰਾਮਕਾਰੀ ਬਦਕਾਰੀ ਹੋਵੇ ਉਹ ਉਸ ਦੇ ਪ੍ਰਧਾਨ ਹੁੰਦੇ ਹਨ ਅਤੇ ਜਿੱਥੇ ਪਾਪੀਆਂ ਦਾ ਇੱਕਠ ਹੋਵੇ ਉਹ ਹੀਰੇ ਵਾਂਗ ਹੁੰਦੇ ਹਨ ।

ਸ਼ਰਾਬ ਦੇ ਰਸੀਏ ਪਰ ਹਦਾਇਤ ਤੋਂ ਅਣਜਾਣ, ਧਰਮੀਆਂ ਤੋਂ ਨਫ਼ਰਤ ਅਤੇ ਸ਼ਰਾਬੀਆਂ ਦਾ ਸਾਥ ਹੈ ਉਸ ਪਿਆਰੇ ਨੇ ਉਨ੍ਹਾਂ ਤੋਂ ਮੂੰਹ ਮੋੜ੍ਹ ਲਿਆ ਹੈ ਜਿਹੜ੍ਹਾ ਪਹਿਲਾਂ ਉਨ੍ਹਾਂ ਨਾਲ ਪ੍ਰੇਮ ਰੱਖਦਾ ਸੀ ਜੱਦ ਉਸ ਨੇ ਇਸ ਕੌਮ ਵਿੱਚ ਪ੍ਰੇਮੀਆਂ ਵਾਲੀ ਵਫਾਦਾਰੀ ਨਹੀਂ ਵੇਖੀ ।

ਉਨ੍ਹਾਂ ਦੀ ਦੌਲਤ ਤੇ ਚੜ੍ਹਾਈ ਦਾ ਜ਼ਮਾਨਾ ਤਾਂ ਲੰਘ ਗਿਆ ਹੁਣ ਉਨ੍ਹਾਂ ਦੇ ਕਰਮਾਂ ਦਾ ਦੁਰਭਾਗ ਅਜੀਹੇ ਦਿਨ ਲੈ ਆਇਆ।

ਪਹਿਲਾਂ ਜਿਹੜ੍ਹੀ ਤਰੱਕੀ ਹੋਈ ਸੀ ਉਹ ਦੀਨ ਦੀ ਸੈਵਾ ਦੀ ਰਾਹ ਨਾਲ ਹੋਈ ਸੀ ਫ਼ਿਰ ਵੀ ਜੱਦ ਹੋਵੇਗੀ ਯਕੀਨੀ ਤੌਰ ਉੱਤੇ ਇਸੇ ਰਾਹ ਤੋਂ ਹੋਵੇਗੀ ।

ਹੇ ਰੱਬਾ! ਫ਼ਿਰ ਕੱਦ ਤੇਰੇ ਵੱਲੋਂ ਮਦਦ ਦਾ ਸਮਾਂ ਆਏਗਾ ਅਤੇ ਅਸੀਂ ਫ਼ਿਰ ਉਹ ਪਵਿੱਤਰ ਦਿਨ ਤੇ ਮਾਲ ਕੱਦ ਵੇਖਾਂਗੇ ।

ਅਹਮਦ ਦੇ ਦੀਨ ਸੰਬੰਧੀ ਇਨ੍ਹਾਂ ਦੋ ਚਿੰਤਾਵਾਂ ਨੇ ਮੇਰੀ ਚਿੱਤ ਘੁਲ੍ਹਾ ਦਿੱਤੀ ਧਰਮ ਦੇ ਦੁਸ਼ਮਨਾਂ ਦਾ ਵਾਧਾ ਅਤੇ ਧਰਮ ਦੇ ਰੱਖਿਅਕਾਂ ਦਾ ਘਾਟਾ ।

ਹੇ ਰੱਬਾ ਛੇਤੀ ਆ ਅਤੇ ਸਾਡੇ ਤੇ ਆਪਣੀ ਮਦਦ ਦੀ ਮੀਂਹ ਵਰਸਾ ਨਹੀਂ ਤਾਂ ਹੇ ਮੇਰੇ ਰੱਬਾ ਇਸ ਜਲ੍ਹਣ ਵਾਲੀ ਥਾਂ ਤੋਂ ਮੈਨੂੰ ਚੁੱਕ ਲੈ ।

ਹੇ ਰੱਬ ਮਿਹਰ ਦੇ ਨਿਕਲਣ ਦੀ ਥਾਂ ਤੋਂ ਹਦਾਇਤ ਦਾ ਨੂਰ ਕੱਢ ਅਤੇ ਚਮਕਦੇ ਹੋਏ ਨਿਸ਼ਾਨ ਦਿਖਾ ਕੇ ਭੱਟਕਿਆਂ ਦੀ ਅੱਖਾਂ ਰੌਸ਼ਨ ਕਰ ।

ਜੱਦ ਤੂੰ ਮੈਨੂੰ ਇਸ ਦੁੱਖ ਦੀ ਘੜ੍ਹੀ ਵਿੱਚ ਸੱਚਾਈ ਬਖ਼ਸ਼ੀ ਹੈ ਤਾਂ ਮੈਨੂੰ ਇਹ ਉਮੀਦ ਨਹੀਂ ਕਿ ਤੂੰ ਇਸ ਮਾਮਲੇ ਵਿੱਚ ਮੈਨੂੰ ਹਾਰ ਦੀ ਮੌਤ ਦੇਵੇਗਾ ।

ਸੱਚਿਆਂ ਦਾ ਕਾਰੋਬਾਰ ਕਦੇ ਵੀ ਅਧੂਰਾ ਨਹੀਂ ਰਹਿੰਦਾ ਸੱਚਿਆਂ ਦੀ ਬਾਹਾਂ ਵਿੱਚ ਰੱਬ ਦਾ ਹੱਥ ਛੁੱਪਿਆ ਹੁੰਦਾ ਹੈ । ਅਨੁਵਾਦਕ

ਅਸੀਂ ਇਰਾਦਾ ਕੀਤਾ ਹੈ ਕਿ ਮੌਜੂਦਾ ਜ਼ਮਾਨੇ ਵਿੱਚ ਜਿਨ੍ਹੇ ਵੱਖ-ਵੱਖ ਸੰਪਰਦਾਏ ਅਤੇ ਭਿੰਨ-ਭਿੰਨ ਰਾਏ ਦੇ ਆਦਮੀ ਇਸਲਾਮ ਉੱਤੇ ਜਾਂ ਕੁਰਆਨੀ ਸਿੱਖਿਆਵਾਂ ਉੱਤੇ ਜਾਂ ਸਾਡੇ ਸੱਯਦ-ਓ-ਮੌਲਾ ਮਾਣਯੋਗ ਹਜ਼ਰਤ ਮੁਹੰਮਦ ਸੱਲਲਾਹੋ ਅਲੈਹਿ ਵਸਲਮ ਉੱਤੇ ਆਰੋਪ ਲਾਉਂਦੇ ਹਨ ਜਾਂ ਜੋ ਕੁੱਝ ਸਾਡੇ ਨਿੱਜੀ ਮਾਮਲੇ ਸੰਬੰਧੀ ਨੁਕਤਾਚੀਨੀਆਂ ਕਰ ਰਹੇ ਹਨ ਜਾਂ ਜੋ ਕੁੱਝ ਸਾਡੀ ਆਕਾਸ਼ਬਾਣੀਆਂ ਅਤੇ ਸਾਡੇ ਰੱਬੀ ਦਾਅਵੇ ਦੀ ਤੁਲਣਾ ਉਨ੍ਹਾਂ ਦੇ ਦਿਲ੍ਹਾਂ ਵਿੱਚ ਭਰਮ ਅਤੇ ਸ਼ੱਕ ਹਨ ਉਨ੍ਹਾਂ ਸਾਰੇ ਆਰੋਪਾਂ ਨੂੰ ਇੱਕ ਰਸਾਲੇ ਦੀ ਸ਼ਕਲ ਵਿੱਚ ਨੰਬਰਵਾਰ ਸੰਪਾਦਿਤ ਕਰਕੇ ਛਾਪ ਦੇਣ ਅਤੇ ਫਿਰ ਉਨ੍ਹਾਂ ਨੂੰ ਹਰ ਇੱਕ ਆਰੋਪ ਤੇ ਸਵਾਲ ਦਾ ਜਵਾਬ ਦੇਣਾ ਸ਼ੁਰੂ ਕਰਨ ਸੋ ਆਮ ਤੌਰ ਉੱਤੇ ਸਾਰੇ ਈਸਾਈਆਂ, ਹਿੰਦੂਆਂ, ਆਰੀਆਂ, ਯਹੂਦੀਆਂ, ਮਜੂਸੀਆਂ, ਨਾਸਤਿਕਾਂ, ਬ੍ਰਹਮੀਆਂ, ਵਿਗਿਆਨਿਕਾਂ, ਦਾਰਸ਼ਨਿਕਾਂ ਅਤੇ ਵਿਰੋਧੀ ਸੋਚ ਵਾਲੇ ਮੁਸਲਮਾਨਾਂ ਆਦਿ ਨੂੰ ਸੰਬੋਧਿਤ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਹਰ ਇੱਕ ਵਿਅਕਤੀ ਜੋ ਇਸਲਾਮ ਬਾਰੇ ਜਾਂ ਕੁਰਆਨ ਸ਼ਰੀਫ ਤੇ ਸਾਡੇ ਸਰਦਾਰ ਤੇ ਆਗੂ ਸਰਵੋਤਮ ਨਬੀ ਬਾਰੇ ਜਾਂ ਆਪ ਸਾਡੇ ਬਾਰੇ, ਅਤੇ ਸਾਡੀ ਰੱਬੀ ਉਪਾਧੀ ਬਾਰੇ ਸਾਡੀ ਆਕਾਸ਼ਬਾਣੀ ਬਾਰੇ ਕੁੱਝ ਖੰਡਨ ਰੱਖਦਾ ਹੈ। ਤਾਂ ਜੇਕਰ ਉਹ ਸੱਚਾਈ ਦਾ ਜਾਚਕ ਹੈ ਤਾਂ ਉਸ ਲਈ ਲਾਜ਼ਮ ਤੇ ਜ਼ਰੂਰੀ ਹੈ ਕਿ ਉਹ ਖੰਡਨ ਸੋਹਣੀ ਲਿਖਾਈ ਨਾਲ ਲਿੱਖ ਕੇ ਸਾਡੇ ਕੋਲ੍ਹ ਭੇਜ ਦੇਣ ਤਾਂ ਉਹ ਸਾਰੇ ਖੰਡਨ ਇੱਕ ਥਾਂ ਇੱਕਠੇ ਕਰਕੇ ਇੱਕ ਰਸਾਲੇ ਵਿੱਚ ਨੰਬਰਵਾਰ ਕ੍ਰਮ ਦੇ ਕੇ ਛਾਪ ਦਿੱਤੇ ਜਾਣ ਅਤੇ ਫਿਰ ਨੰਬਰਵਾਰ ਇੱਕ ਇੱਕ ਦਾ ਵਿਸਥਾਰ ਪੂਰਵਕ ਜਵਾਬ ਦਿੱਤਾ ਜਾਵੇ।

ਵੱਸਲਾਮੋ ਅਲਾ ਮੰਨਿਤਬਾ ਅੱਲਹੁਦਾ

ਘੋਸ਼ਣਾ ਕਰਤਾ

ਮਿਰਜ਼ਾ ਗੁਲਾਮ ਅਹਮਦ ਕਾਦੀਆਂ ਜ਼ਿਲ੍ਹਾ ਗੁਰਦਾਸਪੂਰ ਪੰਜਾਬ

10/ਜਾਮਾਦੀ ਔਸਾਨੀ 1308 ਹਿਜਰੀ

# ਘੋਸ਼ਣਾ

ਇਸ ਰਸਾਲੇ ਨਾਲ ਦੋ ਹੋਰ ਰਸਾਲੇ ਸੰਪਾਦਿੱਤ ਕੀਤੇ ਗਏ ਹਨ ਜਿਹੜ੍ਹੇ ਵਾਸਤਵ ਵਿੱਚ ਇਸੇ ਰਸਾਲੇ ਦੇ ਅੰਗ ਹਨ । ਇਸੇ ਲਈ ਇਸ ਰਸਾਲੇ ਦਾ ਨਾਂ ਫ਼ਤਹਿ ਇਸਲਾਮ ਤੇ ਦੂਜੇ ਦਾ ਨਾਂ ਤੌਜ਼ਹੀ ਮਰਾਮ ਅਤੇ ਤੀਜੇ ਦਾ ਨਾਂ ਅਜ਼ਾਲਾ ਔਹਾਮ ਹੈ ।

ਘੋਸ਼ਣਾ ਕਰਤਾ

ਮਿਰਜ਼ਾ ਗੁਲਾਮ ਅਹਮਦ ਕਾਦੀਆਂ